Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 225 | Thursday, November 19, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

# ਪੀਲ ਪੁਲਿਸ ਨੇ ਇੱਕੋ ਗਿਰੋਹ ਦੇ 88 ਮੈਂਬਰਾਂ ਨੂੰ ਕੀਤਾ ਗ੍ਰਿਫਤਾਰ, ਲਾਏ ਗਏ 800 ਚਾਰਜਿਜ਼




ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਕਤਲ ਕਰਨ, ਵੱਖ ਵੱਖ ਗੋਲੀਕਾਂਡ ਨੂੰ ਅੰਜਾਮ ਦੇਣ ਅਤੇ ਨਸ਼ਿਆਂ ਦੀ ਸਮਗਲਿੰਗ ਦੇ ਸਬੰਧ ਵਿੱਚ ਕਥਿਤ ਤੌਰ ਉੱਤੇ ਜ਼ਿੰਮੇਵਾਰ ਗੈਂਗ ਦੇ 88 ਮੈਂਬਰਾਂ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਮਾਮਲਿਆਂ ਵਿੱਚ ਜਾਰੀ ਜਾਂਚ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ। ਅਧਿਕਾਰੀਆਂ ਨੇ ਆਖਿਆ ਕਿ "ਨਿਊ ਮਨੀ ਸੋ ਸਿੱਕ" ਨਾਂ ਦੇ ਇਸ ਗੈਂਗ ਨਾਲ ਸਬੰਧਤ ਜਾਂਚ ਚੱਲ ਰਹੀ ਸੀ ਤੇ ਅਧਿਕਾਰੀਆਂ ਵੱਲੋਂ ਕਤਲ, ਮਨੁੱਖੀ ਸਮਗਲਿੰਗ ਤੇ ਨਸ਼ਿਆਂ ਦੀ ਸਮਗਲਿੰਗ ਵਰਗੇ ਜੁਰਮਾਂ ਲਈ 800 ਤੋਂ ਵੱਧ ਚਾਰਜਿਜ਼ ਇਸ ਗੈਂਗ ਦੇ ਗ੍ਰਿਫਤਾਰ ਕੀਤੇ ਗਏ ਮੈਂਬਰਾਂ ਦੇ ਖਿਲਾਫ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਸਤੰਬਰ 2019 ਵਿੱਚ ਪ੍ਰੋਜੈਕਟ ਸਾਈਫਨ ਚਲਾਇਆ ਗਿਆ। ਪੁਲਿਸ ਵੱਲੋਂ ਇਸ ਪ੍ਰੋਜੈਕਟ ਤਹਿਤ ਮਿਸੀਸਾਗਾ ਤੇ ਬਰੈਂਪਟਨ ਵਿੱਚ ਫੈਲੇ ਡਰੱਗ ਨੈੱਟਵਰਕ ਦੀ ਜਾਂਚ ਸ਼ੁਰੂ ਕੀਤੀ ਗਈ।

ਪੁਲਿਸ ਨੇ ਦੱਸਿਆ ਕਿ ਇਸ ਜਾਂਚ ਤੋਂ ਬਾਅਦ ਕਥਿਤ ਗੈਂਗ ਲੀਡਰ ਮਹਿਮੂਦ ਅਲ ਰਮਾਹੀ ਸਮੇਤ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਅਗਸਤ ਵਿੱਚ ਇੱਕ 29 ਸਾਲਾ ਵਿਅਕਤੀ ਦੇ ਕਤਲ ਦੇ ਸਬੰਧ ਵਿੱਚ ਰਮਾਹੀ ਨੂੰ ਫਰਸਟ ਡਿਗਰੀ ਮਰਡਰ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਸੀ। ਇਹ ਵੀ ਆਖਿਆ ਗਿਆ ਕਿ ਜਿਸ ਵਿਅਕਤੀ ਨੂੰ ਗੋਲੀ ਮਾਰ ਕੇ ਮਾਰਿਆ ਗਿਆ ਉਹ ਗੈਂਗ ਵੱਲੋਂ ਕਥਿਤ ਤੌਰ ਉੱਤੇ ਚਲਾਏ ਜਾਣ ਵਾਲੇ ਗੈਰਕਾਨੂੰਨੀ ਕੈਨਾਬਿਸ ਆਪਰੇਸ਼ਨ ਤੋਂ ਅਕਸਰ ਪ੍ਰੋਡਕਟਸ ਲਿਆਇਆ ਕਰਦਾ ਸੀ।

ਪੁਲਿਸ ਨੇ ਦੱਸਿਆ ਕਿ ਸਤੰਬਰ 2019 ਵਿੱਚ 17 ਸਾਲਾ ਲੜਕੇ ਨੂੰ ਗੋਲੀ ਮਾਰ ਕੇ ਮਾਰੇ ਜਾਣ ਦੇ ਮਾਮਲੇ ਲਈ ਵੀ ਇਹੋ ਗੈਂਗ ਜ਼ਿੰਮੇਵਾਰ ਸੀ। ਸੁਪਰਡੈਂਟ ਮਾਰਟਿਨ ਓਟਾਵੇ ਨੇ ਆਖਿਆ ਕਿ ਹਿੰਸਾ ਦੀਆਂ ਇਨ੍ਹਾਂ ਘਟਨਾਵਾਂ ਉੱਤੇ ਰੋਕ ਲਾਉਣ ਲਈ ਸਾਡੇ ਜਾਂਚਕਾਰ ਅਣਥੱਕ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਆਪਣੀ ਕਮਿਊਨਿਟੀ ਵਿੱਚ ਅਸੀਂ ਇਸ ਤਰ੍ਹਾਂ ਦੀ ਹਿੰਸਾ ਬਰਦਾਸ਼ਤ ਨਹੀਂ ਕਰਾਂਗੇ।

# ਹੈਮਿਲਟਨ ਸਕੂਲ ਬੋਰਡ ਨੇ ਹਾਈ ਸਕੂਲ ਦੇ ਇਮਤਿਹਾਨ ਕੀਤੇ ਰੱਦ



ਹੈਮਿਲਟਨ, 18 ਨਵੰਬਰ (ਪੋਸਟ ਬਿਊਰੋ) : ਹੈਮਿਲਟਨ-ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ (ਐਚ ਡਬਲਿਊ ਡੀ ਐਸ ਬੀ) ਵੱਲੋਂ ਹਾਈ ਸਕੂਲ ਦੇ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 2020-21 ਸਕੂਲ ਯੀਅਰ ਦੇ ਦੋਵੇਂ ਸਮੈਸਟਰਜ਼ ਦੇ ਫਾਈਨਲ ਐਗਜ਼ਾਮਜ਼ ਰੱਦ ਕਰ ਦਿੱਤੇ ਗਏ ਹਨ।

ਮਾਪਿਆਂ ਨੂੰ ਲਿਖੇ ਪੱਤਰ ਵਿੱਚ ਸਕੂਲ ਬੋਰਡ ਨੇ ਆਖਿਆ ਹੈ ਕਿ ਪੂਰੇ ਸਕੂਲ ਵਰ੍ਹੇ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਅਸਾਈਨਮੈਂਟਸ ਦੇ ਅਧਾਰ ਉੱਤੇ ਹੀ ਵਿਦਿਆਰਥੀਆਂ ਨੂੰ ਗ੍ਰੇਡ ਦਿੱਤੇ ਜਾਣਗੇ। ਇਮਤਿਹਾਨਾਂ ਲਈ ਨਿਰਧਾਰਤ ਦਿਨਾਂ ਦੀ ਵਰਤੋਂ ਵਿਦਿਆਰਥੀਆਂ ਨੂੰ ਆਪਣੀਆਂ ਅਸਾਈਨਮੈਂਟਸ ਮੁਕੰਮਲ ਕਰਨ ਲਈ ਵਾਧੂ ਸਮੇਂ ਵਜੋਂ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਫਾਈਨਲ ਐਗਜ਼ਾਮ ਰੱਦ ਕਰਨ ਲਈ ਕਮਿਊਨਿਟੀ ਨੂੰ ਸ਼ਾਮਲ ਕੀਤੇ ਜਾਣ ਵਾਸਤੇ 40 ਘੰਟਿਆਂ ਦੀ ਜਿਹੜੀ ਸ਼ਰਤ ਹੈ ਉਸ ਨੂੰ ਘਟਾ ਕੇ ਹੁਣ 20 ਘੰਟੇ ਕਰ ਦਿੱਤਾ ਗਿਆ ਹੈ। ਅਕਤੂਬਰ ਵਿੱਚ ਪ੍ਰੋਵਿੰਸ ਦੇ ਸਿੱਖਿਆ ਮੰਤਰਾਲੇ ਵੱਲੋਂ ਪ੍ਰੋਵਿੰਸ ਦੇ ਸਕੂਲ ਬੋਰਡਜ਼ ਨੂੰ ਇਹ ਬਦਲ ਦਿੱਤਾ ਗਿਆ ਸੀ ਕਿ ਮਹਾਂਮਾਰੀ ਕਾਰਨ ਅਸਥਿਰਤਾ ਵਾਲੇ ਮਾਹੌਲ ਵਿੱਚ ਵਿਦਿਆਰਥੀਆਂ ਦੇ ਗ੍ਰੇਡ ਐਡਜਸਟ ਕੀਤੇ ਜਾ ਸਕਦੇ ਹਨ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

# ਕੋਵਿਡ-19 ਕਾਰਨ ਟੋਰਾਂਟੋ ਕੈਥੋਲਿਕ ਸਕੂਲ ਬੋਰਡ ਦੀ ਸਟਾਫ ਮੈਂਬਰ ਦੀ ਹੋਈ ਮੌਤ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਕੈਥੋਲਿਕ ਸਕੂਲ ਬੋਰਡ (ਟੀ ਸੀ ਡੀ ਐਸ ਬੀ) ਚਾਈਲਡ ਐਂਡ ਯੂਥ ਵਰਕਰ ਦੀ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਮੌਤ ਹੋ ਗਈ। ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕਿਊਪ) ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਦੀ ਪੁਸ਼ਟੀ ਕੀਤੀ ਗਈ। ਕਿਊਪ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਸਾਨੂੰ ਅੱਜ ਸਵੇਰੇ ਹੀ ਇਸ ਗੱਲ ਦਾ ਪਤਾ ਲੱਗਿਆ ਹੈ ਕਿ ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨਾਲ ਕੰਮ ਕਰਨ ਵਾਲੇ ਕਿਊਪ ਦੇ ਇੱਕ ਮੈਂਬਰ ਦੀ ਮੌਤ ਹੋ ਗਈ।

...ਬਾਕੀ ਪੰਨਾ 3 'ਤੇ

# ਓਨਟਾਰੀਓ ਦੇ ਸਕੂਲਾਂ ਵਿੱਚ ਸਰਦ ਰੁੱਤ ਦੀਆਂ ਛੁੱਟੀਆਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ : ਲਿਚੇ

ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਐਲਾਨ ਕੀਤਾ ਕਿ ਪ੍ਰੋਵਿੰਸ ਦੇ ਸਕੂਲ ਬੋਰਡਜ਼ ਲਈ ਛੁੱਟੀਆਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਫੋਰਡ ਸਰਕਾਰ ਦੀਆਂ ਸੇਫਟੀ ਪ੍ਰੋਟੋਕਾਲਜ਼ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ।



ਸਟੀਫਨ ਲਿਚੇ ਨੇ ਬੁੱਧਵਾਰ ਨੂੰ ਕੁਈਨਜ਼ ਪਾਰਕ ਤੋਂ ਇਹ ਬਿਆਨ ਜਾਰੀ ਕੀਤਾ। ਲਿਚੇ ਨੇ ਆਖਿਆ ਕਿ ਓਨਟਾਰੀਓ ਦੇ ਸੇਫ ਸਕੂਲਜ਼ ਪਲੈਨ ਤਹਿਤ ਵਿਦਿਆਰਥੀਆਂ ਨੂੰ ਕੋਵਿਡ-19 ਤੋਂ ਸੇਫ ਰੱਖਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਦੋਸਤਾਂ ਤੇ ਕਲਾਸਮੇਟਸ ਨਾਲ ਰਾਬਤਾ ਕਾਇਮ ਕਰਕੇ ਆਪਣੀ ਸੋਸ਼ਲ ਲਾਈਫ ਜਾਰੀ ਰੱਖਣ ਦਾ ਵੀ ਮੌਕਾ ਦਿੱਤਾ ਗਿਆ ਹੈ। ਲਿਚੇ ਨੇ ਆਖਿਆ ਕਿ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਨਾਲ ਇਸ ਸਬੰਧ ਵਿੱਚ ਵਿਚਾਰ ਵਟਾਂਦਰਾ ਕਰਨ ਦੇ ਨਾਲ ਨਾਲ ਪਬਲਿਕ ਹੈਲਥ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਤੈਅ ਕੀਤਾ ਗਿਆ ਕਿ ਇਸ ਸਮੇਂ ਸਰਦ ਰੁੱਤ ਦੀਆਂ ਵਾਧੂ ਛੁੱਟੀਆਂ ਦੀ ਲੋੜ ਨਹੀਂ ਹੈ। ਉਨ੍ਹਾਂ ਆਖਿਆ ਕਿ ਓਨਟਾਰੀਓ ਦੇ ਸਕੂਲਾਂ ਵਿੱਚ ਸੇਫਟੀ ਸਬੰਧੀ ਪ੍ਰੋਟੋਕਾਲਜ਼ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ, ਟਰਾਂਸਮਿਸ਼ਨ ਦਾ ਪੱਧਰ ਬਹੁਤ ਨੀਵਾਂ ਹੈ ਤੇ ਸਾਡੇ ਸਕੂਲਾਂ ਵਿੱਚ ਸੇਫਟੀ ਦੇ ਪੂਰੇ ਇੰਤਜ਼ਾਮ ਹਨ।

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਲਿਚੇ ਨੇ ਵਿਦਿਆਰਥੀਆਂ ਲਈ ਸਰਦ ਰੁੱਤ ਦੀਆਂ ਛੁੱਟੀਆਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਪ੍ਰਗਟਾਈ ਸੀ। ਉਨ੍ਹਾਂ ਇਹ ਵੀ ਆਖਿਆ ਸੀ ਕਿ ਜੇ ਅਜਿਹਾ ਹੁੰਦਾ ਹੈ ਤਾਂ ਮਾਪਿਆਂ ਨੂੰ ਅਗਾਊਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਰ ਓਨਟਾਰੀਓ ਦੇ ਪ੍ਰੀਮੀਅਰ ਨੇ ਇਹ ਸਪਸ਼ਟ ਕੀਤਾ ਸੀ ਕਿ ਸਕੂਲਾਂ ਵਿੱਚ ਹੋਰ ਛੁੱਟੀਆਂ ਨਹੀਂ ਕੀਤੀਆਂ ਜਾਣਗੀਆਂ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Canada Consumer Credit Assistance
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵੱਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Royal Pest Control
Residential | Commercial | Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER | SOLICITOR | NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr™
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

# ਸੀ ਜੇ ਐਮ ਆਰ 1320 ਏਐਮ ਰੇਡੀਓ ਵੱਲੋਂ ਸੇਵਾ ਫੂਡ ਬੈਂਕ ਦੀ ਸਹਾਇਤਾ ਲਈ ਰੇਡੀਓਥੋਨ 30 ਨੂੰ

ਮਿਸੀਸਾਗਾ, 18 ਨਵੰਬਰ (ਪੋਸਟ ਬਿਊਰੋ) : ਸੀ ਜੇ ਐਮ ਆਰ 1320 ਏਐਮ ਰੇਡੀਓ ਸਟੇਸ਼ਨ ਦੇ ਪੰਜਾਬੀ ਰੇਡੀਓ ਪ੍ਰੋਡਿਊਸਰਜ਼ ਵੱਲੋਂ ਭੁੱਖ ਮਿਟਾਉਣ ਲਈ ਕਮਿਊਨਿਟੀ ਦੀ ਮਦਦ ਕਰ ਰਹੇ ਸੇਵਾ ਫੂਡ ਬੈਂਕ ਦੀ ਸਹਾਇਤਾ ਲਈ ਇੱਕ ਵਾਰੀ ਫਿਰ ਪਹਿਲਕਦਮੀ ਕੀਤੀ ਗਈ ਹੈ। ਇਸ ਸਾਲ ਉਨ੍ਹਾਂ ਵੱਲੋਂ 10ਵੀਂ ਰੇਡੀਓਥੌਨ ਐਂਡ ਫੂਡ ਡਰਾਈਵ ਦੀ ਮੇਜ਼ਬਾਨੀ ਕੀਤੀ ਜਾਵੇਗੀ। ਪਿਛਲੀ ਨੌਂ ਰੇਡੀਓਥੌਨਜ਼ ਤੇ ਫੂਡ ਡਰਾਈਵਜ਼ ਦੌਰਾਨ ਸਾਂਝੇ ਤੌਰ ਉੱਤੇ ਇੱਕ ਮਿਲੀਅਨ ਡਾਲਰ ਦੀ ਨਕਦੀ ਤੇ ਸੇਵਾ ਫੂਡ ਬੈਂਕ ਲਈ 400,000 ਪਾਊਂਡ ਫੂਡ ਇੱਕਠਾ ਹੋ ਚੁੱਕਿਆ ਹੈ।




2020 ਰੇਡੀਓਥੌਨ 30 ਨਵੰਬਰ, ਦਿਨ ਸੋਮਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮਦਿਨ ਦੀ ਵਰ੍ਹੇਗੰਢ ਮੌਕੇ ਕਰਵਾਈ ਜਾਵੇਗੀ। ਇਸ ਲਈ ਸਪੋਰਟਰਜ਼ ਕਿਸੇ ਵੀ ਪੰਜਾਬੀ ਸ਼ੋਅ ਵਿੱਚ ਕਾਲ ਕਰਕੇ ਆਪਣੇ ਵੱਲੋਂ ਕੀਤੀ ਜਾਣ ਵਾਲੀ ਮਦਦ ਦਾ ਐਲਾਨ ਲਾਈਵ ਕਰ ਸਕਣਗੇ। ਇਨ੍ਹਾਂ ਸ਼ੋਅਜ਼ ਵਿੱਚ ਰੰਗਲਾ ਪੰਜਾਬ, ਪਰਵਾਸੀ, ਪੰਜਾਬ ਦੀ ਗੂੰਜ, ਗੀਤਾਂ ਨਾਲ ਪ੍ਰੀਤਾਂ, ਆਪਣਾ ਪੰਜਾਬ ਰੇਡੀਓ, ਫੁਲਕਾਰੀ, ਸਰਗਮ, ਅੱਜ ਦੀ ਆਵਾਜ਼ ਤੇ ਮਹਿਫਿਲ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸਰੋਤੇ 28 ਤੇ 29 ਨਵੰਬਰ ਵਾਲੇ ਵੀਕੈਂਡ ਉੱਤੇ ਵੀ ਦਿਲ ਆਪਣਾ ਪੰਜਾਬੀ, ਸੁਰਖਾਬ ਰੇਡੀਓ, ਸਾਡਾ ਵਿਰਸਾ, ਹਮ, ਰੋਡ ਨਿਊਜ਼ ਰੰਗੋਲੀ, ਵੁਆਇਸ ਆਫ ਏਸ਼ੀਆ, ਸਾਂਝ ਦਿਲਾਂ ਦੀ ਤੇ ਏਸ਼ੀਅਨ ਵਿਜ਼ਨ ਪ੍ਰੋਗਰਾਮਾਂ ਵਿੱਚ ਵੀ ਡੋਨੇਸ਼ਨਜ਼ ਦਾ ਐਲਾਨ ਕਰ ਸਕਦੇ ਹਨ। ਸੀ ਜੇ ਐਮ ਆਰ 1320 ਏਐਮ ਰੇਡੀਓ ਸਟੇਸ਼ਨ ਦੇ ਮਾਲਕਾਂ ਵੱਲੋਂ ਵੀ ਇਸ ਮੌਕੇ ਡੋਨੇਸ਼ਨ ਦਿੱਤੀ ਜਾ ਰਹੀ ਹੈ।

ਮਹਾਂਮਾਰੀ ਕਾਰਨ ਇਹ 2020 ਫੂਡ ਡਰਾਈਵ ਵਰਚੂਅਲ ਹੈ ਤੇ ਇਹ 14 ਨਵੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਤੇ ਇਹ ਸ਼ੁੱਕਰਵਾਰ 27 ਨਵੰਬਰ ਤੱਕ ਚੱਲੇਗੀ। ਬਹੁਤੀਆਂ ਜ਼ਰੂਰੀ ਚੀਜ਼ਾਂ ਜਿਹੜੀਆਂ ਚਾਹੀਦੀਆਂ ਹਨ ਤੇ ਡਰੌਪ ਆਫ ਲੋਕੇਸ਼ਨਜ਼ ਦੀ ਸੂਚੀ www.sevafoodbank.com/radio-thon ਉੱਤੇ ਦਰਜ ਹੈ। ਰੇਡੀਓ ਦੇ ਹੋਸਟ ਕੁਲਦੀਪ ਦੀਪਕ ਨੇ ਆਖਿਆ ਕਿ ਸੇਵਾ ਫੂਡ ਬੈਂਕ ਗੁਰੂ ਨਾਨਕ ਦੀਆਂ ਸਿੱਖਿਆਵਾਂ ਚੜ੍ਹਦੀ ਕਲਾ, ਸਰਬੱਤ ਦਾ ਭਲਾ ਅਤੇ ਨਿਸਵਾਰਥ ਸੇਵਾ ਵਰਗੀਆਂ ਕਦਰਾਂ ਕੀਮਤਾਂ ਉੱਤੇ ਕਾਇਮ ਕੀਤਾ ਗਿਆ ਹੈ। ਮਹਾਂਮਾਰੀ ਦੇ ਇਸ ਦੌਰ ਤੋਂ ਸਪਸ਼ਟ ਹੈ ਕਿ ਪਹਿਲਾਂ ਨਾਲੋਂ ਡੋਨੇਸ਼ਨ ਦੀ ਇਸ ਵਾਰੀ ਜ਼ਿਆਦਾ ਲੋੜ ਹੈ। ਉਨ੍ਹਾਂ ਆਖਿਆ ਕਿ ਲਗਾਤਾਰ 10ਵੇਂ ਸਾਲ ਰੇਡੀਓਥੌਨ ਰਾਹੀਂ ਸੇਵਾ ਫੂਡ ਬੈਂਕ ਦੀ ਮਦਦ ਕਰਕੇ ਉਨ੍ਹਾਂ ਨੂੰ ਬਹੁਤ ਮਾਣ ਤੇ ਖੁਸ਼ੀ ਹੋ ਰਹੀ ਹੈ।

# ਹੈਲਥ ਤੇ ਸੇਫਟੀ ਸਬੰਧੀ ਨਵੇਂ ਮਾਪਦੰਡਾਂ ਦਾ ਐਲਾਨ ਜਲਦ ਕਰੇਗੀ ਫੋਰਡ ਸਰਕਾਰ



ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਜਾਰੀ ਵਾਧੇ ਦੇ ਮੱਦੇਨਜ਼ਰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਹੈਲਥ ਤੇ ਸੇਫਟੀ ਮਾਪਦੰਡਾਂ ਸਬੰਧੀ ਐਲਾਨ ਜਲਦ ਕੀਤਾ ਜਾਵੇਗਾ।

ਬੁੱਧਵਾਰ ਨੂੰ ਡੱਗ ਫੋਰਡ ਨੇ ਆਖਿਆ ਕਿ ਪੀਲ, ਟੋਰਾਂਟੋ ਤੇ ਯੌਰਕ ਰੀਜਨ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਵਾਧਾ ਵੇਖਣ ਨੂੰ ਮਿਲਿਆ ਹੈ। ਇਨ੍ਹਾਂ ਇਲਾਕਿਆਂ ਵਿੱਚ ਵਾਇਰਸ ਕਾਫੀ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਹਾਲਾਤ ਕਾਫੀ ਗੰਭੀਰ ਹਨ। ਫੋਰਡ ਨੇ ਆਖਿਆ ਕਿ ਪਿਛਲੇ ਹਫਤੇ ਉਨ੍ਹਾਂ ਵੱਲੋਂ ਚੀਫ ਮੈਡੀਕਲ ਆਫੀਸਰ ਨਾਲ ਕੀਤੀ ਗਈ ਗੱਲਬਾਤ ਵਿੱਚ ਸਿਫਾਰਸ਼ਾਂ ਦੀ ਮੰਗ ਕੀਤੀ ਗਈ ਸੀ ਤੇ ਸੈਕਿੰਡ ਵੇਵ ਨੂੰ ਠੱਲ੍ਹ ਪਾਉਣ ਲਈ ਅਜੇ ਹੋਰ ਸਖਤ ਕਦਮ ਚੁੱਕੇ ਜਾਣ ਦੀ ਲੋੜ ਹੈ।

ਫੋਰਡ ਨੇ ਦੱਸਿਆ ਕਿ ਨਵੇਂ ਮਾਪਦੰਡਾਂ, ਖਾਸ ਤੌਰ ਉੱਤੇ ਜੋ ਪੀਲ ਤੇ ਟੋਰਾਂਟੋ ਲਈ ਹੋ ਸਕਦੇ ਹਨ, ਬਾਰੇ ਕੈਬਨਿਟ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤੇ ਇਨ੍ਹਾਂ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ।

# ਪਿੱਕਰਿੰਗ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ




ਦਰਹਾਮ, 18 ਨਵੰਬਰ (ਪੋਸਟ ਬਿਊਰੋ) : ਕੱਲ੍ਹ ਰਾਤ ਪਿੱਕਰਿੰਗ ਵਿੱਚ ਵਾਪਰੇ ਇੱਕ ਗੋਲੀਕਾਂਡ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ।

ਦਰਹਾਮ ਪੁਲਿਸ ਨੇ ਲਿਆਤਰਿਤਸ ਡਰਾਈਵ ਉੱਤੇ ਸਥਿਤ ਇੱਕ ਟਾਊਨਹਾਊਸ ਦੇ ਅੰਦਰ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ 9:30 ਦੇ ਨੇੜੇ ਤੇੜੇ ਮਿਲੀਆਂ ਕਾਲਜ਼ ਤੋਂ ਬਾਅਦ ਮੌਕੇ ਉੱਤੇ ਪਹੁੰਚਣ ਉੱਤੇ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਗੋਲੀਕਾਂਡ ਕਿੱਥੇ ਵਾਪਰਿਆ। ਪੈਰਾਮੈਡਿਕਸ ਵੱਲੋਂ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਸਮੇਂ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਕਿਸੇ ਕਿਸਮ ਦੇ ਹੋਰ ਵੇਰਵੇ ਹੀ ਦਿੱਤੇ ਗਏ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

# ਐਫ ਡੀ ਏ ਨੇ ਕੋਵਿਡ-19 ਹੋਮ ਟੈਸਟ ਕਿੱਟ ਨੂੰ ਦਿੱਤੀ ਮਨਜ਼ੂਰੀ



ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਸਬੰਧ ਵਿੱਚ ਇੱਕ ਨਵੀਂ ਟੈਸਟ ਕਿੱਟ ਨੂੰ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ( ਐਫ ਡੀ ਏ) ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਫੈਸਲੇ ਦੀ ਨੌਰਥ ਅਮਰੀਕਾ ਲਈ ਕਾਫੀ ਅਹਿਮੀਅਤ ਹੈ।

ਐਫ ਡੀ ਏ ਦਾ ਕਹਿਣਾ ਹੈ ਕਿ ਇਸ ਨਾਲ ਨਤੀਜੇ ਤੇਜ਼ੀ ਨਾਲ ਮਿਲ ਸਕਣਗੇ। ਐਫ ਡੀ ਏ ਵੱਲੋਂ ਇਸ ਹੋਮ ਟੈਸਟ ਕਿੱਟ ਉੱਤੇ ਐਮਰਜੰਸੀ ਤੇ ਪਹਿਲੀ ਜਾਂਚ ਕੀਤੇ ਜਾਣ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। "ਲਿਊਸਿਰਾ ਕੋਵਿਡ-19 ਆਲ ਇਨ ਵੰਨ ਟੈਸਟ ਕਿੱਟ ਦੀ ਵਰਤੋਂ" ਸਿਰਫ ਇੱਕ ਵਿਅਕਤੀ ਉੱਤੇ ਇੱਕ ਵਾਰੀ ਹੀ ਕੀਤੀ ਜਾ ਸਕਦੀ ਹੈ ਤੇ ਇਹ ਕਿੱਟ ਕੋਵਿਡ-19 ਦੇ ਮੁੱਖ ਕਾਰਨ ਕਰੋਨਾਵਾਇਰਸ ਦਾ ਪਤਾ ਲਾਉਣ ਵਿੱਚ ਪੂਰੀ ਤਰ੍ਹਾਂ ਸਮਰੱਥ ਹੈ।

ਇਸ ਕਿੱਟ ਰਾਹੀਂ ਕੀਤੇ ਜਾਣ ਵਾਲੇ ਟੈਸਟ ਦਾ ਨਤੀਜਾ 30 ਮਿੰਟ ਵਿੱਚ ਹੀ ਆ ਸਕਦਾ ਹੈ। ਇਸ ਦੀ ਵਰਤੋਂ ਘਰ ਵਿੱਚ ਹੀ 14 ਸਾਲ ਤੋਂ ਵੱਡੇ ਵਿਅਕਤੀਆਂ ਦੇ ਨੱਕ ਰਾਹੀਂ ਸਵੈਬ ਸੈਂਪਲ ਇੱਕਠੇ ਕਰਨ ਲਈ ਸਬੰਧਤ ਵਿਅਕਤੀ ਵੱਲੋਂ ਆਪ ਹੀ ਕੀਤੀ ਜਾ ਸਕਦੀ ਹੈ। ਹਸਪਤਾਲਾਂ ਤੇ ਡਾਕਟਰਾਂ ਦੇ ਆਫਿਸ ਵਿੱਚ ਇਸ ਨਾਲ ਹਰ ਉਮਰ ਵਰਗ ਦੇ ਲੋਕਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਇਹ ਟੈਸਟ ਕਿੱਝ ਪ੍ਰਿਸਕ੍ਰਿਪਸ਼ਨ ਦੇ ਅਧਾਰ ਉੱਤੇ ਹੀ ਹਾਲ ਦੀ ਘੜੀ ਹਾਸਲ ਕੀਤੀ ਜਾ ਸਕਦੀ ਹੈ।

# ਹੁਣ ਮੁੜ ਕੈਨੇਡਾ ਵਿੱਚ ਤਿਆਰ ਕੀਤੀ ਜਾਵੇਗੀ ਹੇਂਜ਼ ਕੈਂਚਅੱਪ




ਮਾਂਟਰੀਅਲ, 18 ਨਵੰਬਰ (ਪੋਸਟ ਬਿਊਰੋ) : ਛੇ ਸਾਲ ਪਹਿਲਾਂ ਹੇਂਜ਼ ਕੈਂਚਅੱਪ ਤਿਆਰ ਕਰਨ ਵਾਲੀ ਕੰਪਨੀ ਦੇ ਮਾਲਕ ਵੱਲੋਂ ਸਾਰੀ ਯੂਨਿਟ ਅਮਰੀਕਾ ਲਿਜਾਏ ਜਾਣ ਤੋਂ ਬਾਅਦ ਹੁਣ ਇੱਕ ਵਾਰੀ ਫਿਰ ਇਸ ਕੰਪਨੀ ਨੂੰ ਕੈਨੇਡਾ ਵਾਪਿਸ ਲਿਆਂਦਾ ਜਾ ਰਿਹਾ ਹੈ।

ਕੰਪਨੀ ਦੇ ਮਾਲਕ ਕ੍ਰਾਫਟ ਹੇਂਜ਼ ਨੇ ਦੱਸਿਆ ਕਿ ਉਹ ਅਗਲੀਆਂ ਗਰਮੀਆਂ ਵਿੱਚ ਮਾਂਟਰੀਅਲ ਸਥਿਤ ਆਪਣੀ ਫੈਕਟਰੀ ਵਿੱਚ ਕੈਂਚਅੱਪ ਤਿਆਰ ਕਰਨੀ ਸ਼ੁਰੂ ਕਰ ਦੇਣਗੇ। ਇਸ ਸਬੰਧ ਵਿੱਚ ਕੈਨੇਡੀਅਨ ਸਬਸਿਡਰੀ ਤੇ ਕਿਊਬਿਕ ਸਰਕਾਰ ਦਰਮਿਆਨ ਸਾਂਝੇ ਨਿਵੇਸ਼ ਦਾ ਫੈਸਲਾ ਵੀ ਲਿਆ ਗਿਆ ਹੈ। ਆਪਣੇ ਬਿਜ਼ਨਸ ਐਕਸਪੈਂਸ਼ਨ ਪ੍ਰੋਗਰਾਮ ਰਾਹੀਂ ਪ੍ਰੋਵਿੰਸ ਵੱਲੋਂ 17 ਮਿਲੀਅਨ ਡਾਲਰ ਦੇ ਇਸ ਪ੍ਰੋਜੈਕਟ ਵਿੱਚ 2 ਮਿਲੀਅਨ ਡਾਲਰ ਦੀ ਕਰਜ਼ਾ ਮੁਆਫੀ ਦੀ ਰਿਆਇਤ ਵੀ ਦਿੱਤੀ ਜਾ ਰਹੀ ਹੈ।

ਇਸ ਪ੍ਰੋਜੈਕਟ ਨਾਲ ਰੋਜ਼ਗਾਰ ਦੇ 30 ਨਵੇਂ ਮੌਕੇ ਮਿਲਣਗੇ ਅਤੇ ਇਸ ਦੇ ਨਾਲ ਹੀ ਕੰਪਨੀ ਦੀ ਮੌਂਟ ਰੌਇਲ ਫੈਸਿਲਿਟੀ ਉੱਤੇ 750 ਮੌਜੂਦਾ ਨੌਕਰੀਆਂ ਨੂੰ ਵੀ ਮੇਨਟੇਨ ਕੀਤਾ ਜਾਵੇਗਾ। ਹੇਂਜ਼ ਵੱਲੋਂ ਮੁੜ ਕੈਨੇਡਾ ਵਿੱਚ ਕੈਂਚਅੱਪ ਦਾ ਉਤਪਾਦਨ ਸ਼ੁਰੂ ਕਰਨ ਦੇ ਫੈਸਲੇ ਨਾਲ ਤਥਾ ਕਥਿਤ ਤੌਰ ਉੱਤੇ ਕੈਂਚਅੱਪ ਜੰਗ ਇੱਕ ਵਾਰੀ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਕੋਵਿਡ-19 ਕਾਰਨ ਟੋਰਾਂਟੋ ਕੈਥੋਲਿਕ ਸਕੂਲ ਬੋਰਡ ਦੀ ਸਟਾਫ ਮੈਂਬਰ ਦੀ ਹੋਈ ਮੌਤ



...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਸਾਡੀ ਯੂਨੀਅਨ ਦੀ ਮੈਂਬਰ ਦੀ ਹੋਈ ਮੌਤ ਉੱਤੇ ਸਾਨੂੰ ਡੂੰਘਾ ਦੁੱਖ ਹੈ ਤੇ ਅਸੀਂ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਹਾਂ।

ਸਕੂਲ ਬੋਰਡ ਨੇ ਦੱਸਿਆ ਕਿ ਇਸ ਸਮੇਂ ਸਕੂਲ ਵਿੱਚ ਕੋਵਿਡ-19 ਦੇ ਦੋ ਐਕਟਿਵ ਕੇਸ ਹਨ, ਜਿਨ੍ਹਾਂ ਵਿੱਚ ਇੱਕ ਸਟਾਫ ਮੈਂਬਰ ਤੇ ਇੱਕ ਵਿਦਿਆਰਥੀ ਸ਼ਾਮਲ ਹੈ। ਇਸ ਦੌਰਾਨ ਚੀਫ ਆਫ ਕਮਿਊਨਿਕੇਸ਼ਨਜ਼ ਸ਼ਾਜ਼ੀਆ ਲਾਹੌਸ ਤੇ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਵੀ ਇਸ ਮਹਿਲਾ ਦੀ ਹੋਈ ਮੌਤ ਉੱਤੇ ਦੁੱਖ ਪ੍ਰਗਟਾਇਆ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਭਾਰਤ ਸਰਕਾਰ ਦੇ ਵਤੀਰੇ ਵਿਰੁੱਧ ਕਿਸਾਨ ਜੱਥੇਬੰਦੀਆਂ ਫਿਰ ਡਟ ਗਈਆਂ

## * ਯਾਤਰੀ ਟਰੇਨਾਂ ਰੋਕੀ ਰੱਖਣ ਦਾ ਫੈਸਲਾ ਨਿਰਾਸ਼ਾਜਨਕ : ਕੈਪਟਨ

ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨ ਸੰਗਠਨਾਂ ਨੇ ਇਕ ਵਾਰ ਫਿਰਕਹਿ ਦਿੱਤਾ ਹੈ ਕਿ ਜਦੋਂ ਤਕ ਕੇਂਦਰ ਸਰਕਾਰ ਇਹ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਨਾਲਵੇਗੀ, ਓਦੋਂ ਤੱਕ ਉਹ ਕਿਸੇ ਕੀਮਤ ਉੱਤੇ ਪਿੱਛੇ ਨਹੀਂ ਹਟ ਸਕਦੇ। ਯਾਤਰੀ ਰੇਲਾਂ ਚਲਾਉਣ ਬਾਰੇ ਕਿਸਾਨ ਆਗੂਆਂ ਨੇ ਕਿਹਾ ਕਿ ਇਹ ਪਹਿਲ ਕੇਂਦਰ ਸਰਕਾਰ ਨੂੰ ਕਰਨੀ ਚਾਹੀਦੀ ਹੈ, ਜੇ ਕੇਂਦਰ ਸਰਕਾਰ ਪੰਜਾਬ ਨੂੰ ਮਾਲ ਗੱਡੀਆਂ ਚਲਾਉਣ ਨੂੰ ਮਨਜ਼ੂਰੀ ਦੇ ਦਿੰਦੀ ਹੈ ਤਾਂ ਉਹ ਅੱਗੋਂ ਇਸ ਬਾਰੇ ਵਿਚਾਰ ਕਰ ਸਕਦੇ ਹਨ।

ਅੱਜ ਏਥੇ ਪੰਜਾਬ ਸਰਕਾਰ ਨਾਲ ਇੱਕ ਹੋਰ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ 26-27 ਨਵੰਬਰ ਦੇ ਦਿੱਲੀ ਐਕਸ਼ਨ ਲਈ ਉਨ੍ਹਾਂ ਦੀ ਪੂਰੀ ਤਿਆਰੀ ਹੈ ਤੇ ਪੰਜਾਬ ਤੋਂ ਲੱਖਾਂ ਕਿਸਾਨ ਦਿੱਲੀ ਜਾਣਗੇ। ਕਿਸਾਨ ਆਗੂਆਂ ਮੁਤਾਬਕ ਹਰਿਆਣਾ ਸਰਕਾਰ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ, ਉਨ੍ਹਾਂ ਦੀ ਲੜਾਈ ਸਿਰਫ ਕੇਂਦਰ ਸਰਕਾਰ ਨਾਲ ਹੈ, ਇਸ ਲਈ ਹਰਿਆਣਾ ਸਰਕਾਰ ਨੂੰਵਿਚਾਲੇ ਨਹੀਂ ਆਉਣਾ ਚਾਹੀਦਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਦਿੱਲੀ ਦੀ ਪੁਲਸ ਅਤੇ ਸਰਕਾਰ ਕੋਰੋਨਾ ਦਾ ਕਹਿਰ ਦੱਸ ਕੇ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਦਿੱਲੀ ਦੀ ਸਰਕਾਰ ਮਨਜ਼ੂਰੀ ਦੇਵੇ ਜਾਂ ਨਾ ਦੇਵੇ,ਉਹ ਦਿੱਲੀ ਵਿਚ ਪ੍ਰਦਰਸ਼ਨ ਕਰਕੇ ਹੀ ਰਹਿਣਗੇ।

ਇਸ ਦੌਰਾਨ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਦੀ ਪੰਜਾਬ ਫੇਰੀ ਅਤੇ ਪੰਜਾਬ ਵਿਚ ਭਾਜਪਾ ਵਲੋਂ ਦਫ਼ਤਰ ਖੋਲ੍ਹਣ ਦੇ ਸਵਾਲ ਉੱਤੇ ਕਿਸਾਨ ਆਗੂਆਂ ਨੇ ਕਿਹਾ ਕਿ ਜੇ ਸਰਕਾਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਭਾਜਪਾ ਪ੍ਰਧਾਨ ਦੀ ਫੇਰੀ ਦਾ ਖੁੱਲ੍ਹ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸਾਨਾਂ ਦੀ ਸਟੇਜ ਉੱਤੇ ਕਿਸੇ ਵੀਸਿਆਸੀ ਪਾਰਟੀ ਦੇ ਲੀਡਰ ਨੂੰ ਨਹੀਂਬੋਲਣ ਦੇਣਗੇ, ਸਿਰਫ ਕਿਸਾਨ ਆਗੂ ਹੀ ਬੋਲਦੇ ਰਹਿਣਗੇ।

ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੇਲ ਰੋਕਾਂ ਹਟਾਉਣ ਤੋਂ ਇਨਕਾਰ ਦੇਕਿਸਾਨ ਯੂਨੀਅਨਾਂ ਦੇ ਫੈਸਲੇ ਉੱਤੇ ਨਿਰਾਸ਼ਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਰੇਲਾਂ ਰੋਕਣ ਨਾਲ ਪਿਛਲੇ ਡੇਢ ਮਹੀਨੇ ਤੋਂ ਪੰਜਾਬ ਦੀ ਰਫਤਾਰ ਰੁਕ ਗਈ ਅਤੇ ਵੱਡੇ ਪੱਧਰ ਉੱਤੇ ਪ੍ਰੇਸ਼ਾਨੀਆਂ ਦੇ ਨਾਲ ਘਾਟੇ ਦਾ ਸਬੱਬ ਬਣ ਰਿਹਾ ਹੈ। ਕਿਸਾਨ ਯੂਨੀਅਨਾਂ ਵੱਲੋਂ ਕੇਂਦਰ ਸਰਕਾਰ ਨਾਲ ਪਿਛਲੇ ਹਫਤੇ ਹੋਈ ਬੈਠਕ ਦੀ ਰੌਸ਼ਨੀ ਵਿੱਚ ਅੱਜ ਕੀਤੀ ਮੀਟਿੰਗ ਦੇ ਫੈਸਲੇ ਉੱਤੇਟਿਪਣੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਸੀ ਕਿ ਪੰਜਾਬ ਦੇ ਹਿੱਤ ਵਿੱਚ ਅਤੇ ਖਾਸ ਕਰਕੇ ਇਸ ਮੁੱਦੇ ਉੱਤੇਪੰਜਾਬ ਸਰਕਾਰ ਦੇ ਡਟਵੇਂ ਸਮਰਥਨ ਅਤੇ ਖੇਤੀ ਕਾਨੂੰਨਾਂ ਦੇ ਮੁੱਦੇ ਉੱਤੇ ਕੇਂਦਰ ਸਰਕਾਰ ਵੱਲੋਂ ਕਿਸਾਨ ਆਗੂਆਂ ਦੇ ਨਾਲ ਗੱਲਬਾਤ ਤੋਰਨ ਦੇ ਕਾਰਨ ਕਿਸਾਨ ਯੂਨੀਅਨਾਂ ਆਪਣੀ ਪਹੁੰਚ ਤੋਂਕੁਝ ਪਿੱਛੇ ਹਟ ਜਾਣਗੀਆਂ। ਉਨ੍ਹਾ ਕਿਹਾ ਕਿ ਯਾਤਰੀ ਰੇਲਾਂ ਰੋਕਣ ਬਾਰੇ ਕਿਸਾਨ ਯੂਨੀਅਨਾਂ ਦਾ ਉਹੀ ਸਥਿਤੀ ਕਾਇਮ ਰੱਖਣ ਦਾ ਫੈਸਲਾ ਬੜਾ ਮੰਦਭਾਗਾ ਹੈ, ਜਿਸ ਨਾਲ ਮਾਲ ਗੱਡੀਆਂ ਦੀ ਆਵਾਜਾਈ ਦਾ ਵੀ ਅੜਿੱਕਾ ਪੈ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਆਗੂਆਂ ਨੂੰ ਸਮਝਣਾ ਚਾਹੀਦਾ ਹੈ ਕਿ ਕੋਈ ਵੀ ਕਦਮ ਸਦਾ ਇੱਕ-ਸਾਰਨਹੀਂ ਰਹਿ ਸਕਦਾ ਅਤੇ ਜੇ ਰੇਲ ਆਵਾਜਾਈ ਹੋਰ ਸਮਾਂ ਰੁਕੀ ਰਹੀ ਤਾਂ ਪੰਜਾਬ ਡੂੰਘੇ ਸੰਕਟ ਵਿੱਚ ਫਸ ਜਾਵੇਗਾ ਅਤੇ ਕੋਈ ਵੀ ਸਰਕਾਰ ਇਹ ਸਥਿਤੀ ਸਹਿਣ ਨਹੀਂ ਕਰ ਸਕਦੀ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਆਰਡੀਨੈਂਸਾਂ ਜਾਰੀ ਕਰਨ ਵੇਲੇ ਤੋਂ ਹੀ ਪੰਜਾਬ ਸਰਕਾਰ ਏਥੇ ਕਿਸਾਨਾਂ ਦੀ ਹਮਾਇਤ ਵਿੱਚ ਖੜੀ ਹੈ, ਕੇਂਦਰੀ ਕਾਨੂੰਨਾਂ ਨੂੰ ਅਸਰਹੀਣ ਕਰਨ ਲਈ ਵਿਧਾਨ ਸਭਾ ਵਿੱਚ ਬਿੱਲ ਲਿਆਉਣ ਦਾ ਵੱਡਾ ਕਦਮ ਵੀ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਦੇ ਹਰ ਵਰਗ ਵੱਲੋਂ ਪੂਰਾ ਸਹਿਯੋਗ ਮਿਲ ਰਿਹਾ ਹੈ ਤੇ ਉਹ ਖੁਦ ਸਾਫ ਕਹਿ ਚੁੱਕੇ ਹਨ ਕਿ ਕਿਸਾਨਾਂ ਦੇ ਸੰਘਰਸ਼ ਵਿੱਚ ਉਹ ਆਪਣੀ ਕੁਰਸੀ ਛੱਡਣ ਲਈ ਵੀ ਤਿਆਰ ਹਨ, ਫਿਰ ਵੀ ਕਿਸਾਨ ਆਗੂਪੰਜਾਬ ਵਿੱਚ ਰੇਲਾਂ ਰੋਕਣ ਉੱਤੇ ਬਜ਼ਿਦ ਹਨ। ਉਨ੍ਹਾਂ ਨੇ ਕਿਹਾ ਕਿ ਕੋਵਿਡ ਮਹਾਮਾਰੀ ਦੇ ਸੰਕਟ ਕਾਰਨ ਉਦਯੋਗ ਨੂੰ ਪਹਿਲਾਂ ਹੀ 30,000 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਿਆ ਹੈ ਤੇ ਅਜੇ ਵੀ ਸੰਕਟ ਜਾਰੀ ਹੈ, ਜਿਸ ਨੇ ਪੰਜਾਬ ਨੂੰ ਆਰਥਿਕ ਸੰਕਟ ਵਿੱਚ ਧੱਕ ਦਿੱਤਾ। ਇਕੱਲੇ ਲੁਧਿਆਣਾ ਤੇ ਜਲੰਧਰ ਵਿਚ ਉਦਯੋਗਾਂ ਨੂੰ 22,000 ਕਰੋੜ ਰੁਪਏ ਦਾ ਘਾਟਾ ਪਿਆ ਅਤੇ ਢੰਡਾਰੀ ਡਰਾਈ ਪੋਰਟ ਉੱਤੇ 13,500 ਤੋਂ ਵੱਧ ਕੰਟੇਨਰ ਪਏ ਸਨ, ਜਿੱਥੋਂ ਰੇਲ ਆਵਾਜਾਈ ਰੁਕਣ ਨਾਲ ਉਨ੍ਹਾਂ ਨੂੰ ਪੰਜਾਬੋਂ ਬਾਹਰਨਹੀਂ ਭੇਜਿਆ ਜਾ ਸਕਦਾ। ਉਨ੍ਹਾ ਕਿਹਾ ਕਿ ਝੋਨੇ ਦੀ ਖਰੀਦ ਲਈ ਬਾਰਦਾਨੇ ਦੀਆਂ 60,000 ਬੋਰੀਆਂ ਦਿੱਲੀ ਤੇ ਰਾਜਪੁਰਾ ਵਿਚ ਫਸੀਆਂ ਹੋਈਆਂ ਹਨ, ਜਿਸ ਨਾਲ ਅਨਾਜ ਮੰਡੀਆਂ ਵਿੱਚੋਂ ਝੋਨੇ ਦੀ ਫਸਲ ਚੁੱਕਣੀ ਔਖੀ ਹੋ ਰਹੀ ਹੈ ਅਤੇ ਪੰਜਾਬ ਤੋਂ ਬਿਹਾਰ ਤੇ ਪੂਰਬੀ ਉੱਤਰ ਪ੍ਰਦੇਸ਼ ਵਿੱਚ ਜਨਤਕ ਵੰਡ ਪ੍ਰਣਾਲੀ ਹੇਠ ਵੰਡਣ ਦੇ ਲਈ 40 ਲੱਖ ਮੀਟ੍ਰਿਕ ਟਨ ਚੌਲਾਂ ਦੀ ਸਪਲਾਈ ਵੀ ਨਹੀਂ ਹੋਈ, ਜਿਸ ਕਾਰਨ ਕੇਂਦਰ ਸਰਕਾਰ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਤੋਂ ਅਨਾਜ ਚੁੱਕਣ ਲੱਗ ਪਈ ਹੈ। ਉਨ੍ਹਾਂ ਪੁੱਛਿਆ ਕਿ 'ਜੇ ਕੇਂਦਰ ਸਰਕਾਰ ਇਸ ਰਾਹੇ ਪੈ ਗਈ ਤਾਂ ਪੰਜਾਬ ਦੇ ਚੌਲਾਂ ਦਾ ਕੀ ਹੋਵੇਗਾ? ਸਾਡੇ ਕਿਸਾਨਾਂ ਦਾ ਕੀ ਬਣੇਗਾ।' ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਆਗੂਆਂ ਨੂੰ ਸਮਝਣਾ ਪਏਗਾ ਕਿ ਉਨ੍ਹਾਂ ਦੀ ਲਗਾਤਾਰ ਨਾਕਾਬੰਦੀ ਨੇ ਪੰਜਾਬ ਦੇ ਆਮ ਕੰਮਾਂਨੂੰ ਰੋਕ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਨੂੰ ਹਰ ਕੀਮਤ ਉੱਤੇ ਰੋਕਣਾ ਚਾਹੀਦਾ ਹੈ, ਜਿਸ ਲਈ ਉਨ੍ਹਾਂ ਦੀ ਸਰਕਾਰ ਵੀ ਨਾਲ ਸੀ ਕਿ ਇਹ ਪੰਜਾਬ ਦੇ ਭਵਿੱਖ ਨੂੰ ਦਾਅ ਉੱਤੇ ਲਾ ਕੇ ਨਹੀਂ ਕੀਤਾ ਜਾਣਾ ਚਾਹੀਦਾ।



## ਅੱਜ ਨਾਮਾ

ਆਈ ਖਬਰ ਕਿ ਹੋਣੀ ਹੈ ਫੇਰ ਮੀਟਿੰਗ,
ਕੇਂਦਰ ਵੱਲੋਂ ਫਿਰ ਸੱਦਿਆ ਜਾਊ ਬੇਲੀ।
ਅੰਦਰ-ਅੰਦਰ ਵਿਚਾਰ ਕੁਝ ਹੋਈ ਜਾਂਦੀ,
ਸਰਕਾਰ ਨਵੀਂ ਤਜਵੀਜ਼ ਲਿਆਊ ਬੇਲੀ।
ਏਧਰੋਂ ਟੀਮ ਕਿਸਾਨਾਂ ਦੀ ਪਹੁੰਚ ਦਿੱਲੀ,
ਆਪਣਾ ਖਾਤਾ ਫਿਰ ਖੋਲ੍ਹ ਸੁਣਾਊ ਬੇਲੀ।
ਆਸ ਕਈਆਂ ਨੂੰ ਡਾਢੀ ਕਿ ਐਤਕੀਂ ਤਾਂ,
ਸਰਕਾਰ ਮੁੱਦੇ ਨੂੰ ਆਪ ਨਿਪਟਾਊ ਬੇਲੀ।
ਮਗਰੋਂ ਲੱਗਾ ਈ ਪਤਾ ਕਿ ਅਜੇ ਤੀਕਰ,
ਚਿੱਠੀ ਦਿੱਲੀ ਤੋਂ ਕੋਈ ਨਾ ਆਈ ਬੇਲੀ।
ਫੋਕੀ ਆਸ ਦੀ ਝਾਕ ਕੁਝ ਲਾਈ ਜਾਂਦੀ,
ਜਾਵੇ ਕੇਂਦਰ ਸਰਕਾਰ ਟਰਕਾਈ ਬੇਲੀ।

**ਤੀਸ ਮਾਰ ਖਾਂ**

# ਭਾਰਤ ਦੀਆਂ ਟਰੇਡ ਯੂਨੀਅਨਾਂ ਵੀ 26 ਨਵੰਬਰ ਨੂੰ ਸੜਕਾਂ ਉੱਤੇ ਆਉਣਗੀਆਂ

## * ਕਿਸਾਨਾਂ ਦੇ ਐਕਸ਼ਨ ਵਾਲੇ ਦਿਨ ਮਜ਼ਦੂਰ ਵੀ ਵੱਡਾ ਐਕਸ਼ਨ ਕਰਨਗੇ

ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਇਸ ਵਾਰ 26 ਨਵੰਬਰ ਦਾ ਦਿਨ ਬੜਾ ਅਹਿਮ ਹੋ ਸਕਦਾ ਹੈ। ਜਦੋਂ 26 ਤੇ 27 ਨਵੰਬਰ ਨੂੰ ਭਾਰਤ ਦੀਆਂ 500 ਤੋਂ ਵੱਧ ਕਿਸਾਨ ਜਥੇਬੰਦੀਆਂ ਦਿੱਲੀ ਨੂੰਕੂਚ ਕਰਨਗੀਆਂ, ਓਸੇ ਦਿਨ ਭਾਰਤ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਅਤੇ ਹੋਰ ਕਈ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਵੱਲੋਂਦੇਸ਼ ਵਿਆਪੀ ਹੜਤਾਲ ਤੇ ਚੱਕਾ ਜਾਮ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ ਕਾਰਨ ਮੰਨਿਆ ਜਾ ਰਿਹਾ ਹੈ ਕਿ 26 ਨਵੰਬਰ ਨੂੰ ਇਹੋ ਜਿਹੇ ਦੋ ਵੱਡੇ ਐਕਸ਼ਨ ਇਕੱਠੇ ਹੋਣ ਨਾਲ ਸਭ ਕਾਰੋਬਾਰ ਠੱਪ ਹੋ ਕੇ ਰਹਿ ਜਾਵੇਗਾ।

ਇਸ ਵਿੱਚ ਵੱਡੀ ਗੱਲ ਇਹ ਹੈ ਕਿ ਭਾਰਤ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਨੇ ਕਿਸਾਨ ਸੰਘਰਸ਼ ਲਈ ਹਮਾਇਤ ਦਿੱਤੀ ਅਤੇ ਕਿਸਾਨ ਯੂਨੀਅਨਾਂ ਨੇ ਟਰੇਡ ਯੂਨੀਅਨਾਂ ਦਾ ਸਮਰਥਨ ਕਰ ਦਿਤਾ ਹੈ। ਟਰੇਡ ਯੂਨੀਅਨ ਆਗੂਆਂ ਨੇ ਕਿਹਾ ਹੈ ਕਿ ਮੋਦੀ ਸਰਕਾਰ ਦੀਆਂ ਲੋਕ-ਵਿਰੋਧੀ, ਮਜ਼ਦੂਰ-ਵਿਰੋਧੀ, ਦੇਸ਼ ਵਿਰੋਧੀ ਅਤੇ ਮਾਰੂ ਨੀਤੀਆਂ ਦੇ ਖ਼ਿਲਾਫ਼ ਦੇਸ਼ ਦੇ ਸਭ ਵਰਗ ਇਕੱਠੇ ਹੋ ਰਹੇ ਹਨ। ਉਨ੍ਹਾਂ ਨੇ ਕਿਸਾਨ ਸੰਗਠਨਾਂ ਦੇ ਸਾਂਝੇ ਮੰਚ 'ਆਲ ਇੰਡੀਆ ਕਿਸਾਨ ਸੰਘਰਸ਼ ਕਮੇਟੀ' ਵੱਲੋਂਟਰੇਡ ਯੂਨੀਅਨਾਂ ਦੀ ਹੜਤਾਲ ਨੂੰ ਦਿੱਤੇ ਸਮਰਥਨ ਦਾ ਸਵਾਗਤ ਕੀਤਾ ਤੇ ਕਿਹਾ ਹੈ ਕਿ ਕਿਸਾਨ ਪਹਿਲਾਂ ਹੀ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਲੜ ਰਹੇ ਹਨ, ਅੱਗੋਂ ਉਨ੍ਹਾਂ ਨੇ ਮੋਦੀ ਸਰਕਾਰ ਦੇ ਮੁਲਾਜ਼ਮ ਵਿਰੋਧੀ ਕਦਮਾਂ ਖ਼ਿਲਾਫ਼ ਸੰਘਰਸ਼ ਵਿੱਚ ਸਾਥ ਦੇਣ ਦਾ ਵਾਅਦਾ ਵੀ ਕੀਤਾ ਹੈ। ਏਆਈਟੀਯੂ ਸੀ (ਏਟਕ) ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਟਰੇਡ ਜਥੇਬੰਦੀਆਂ ਵੀ ਮੁੱਢ ਤੋਂ ਹੀ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੀਆਂ ਹਨ। ਅੱਗੋਂ ਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਦੇ 26-27 ਨਵੰਬਰ ਦੇ ਰੋਸ ਮਾਰਚ ਦੇ ਸੱਦੇ ਨੂੰ ਵੀ ਸਮਰਥਨ ਦਿੱਤਾ ਹੈ ਅਤੇ ਟਰੇਡ ਯੂਨੀਅਨਾਂ ਨੇ ਮੰਗਾਂ ਦੇ ਚਾਰਟਰ ਵਿੱਚ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਵੀ ਰੱਖੀ ਹੈ।

# ਕੁਆਰੇ ਜੰਗੀ ਸ਼ਹੀਦਾਂ ਦੇ ਵਿਆਹੁਤਾ ਭਰਾਵਾਂ ਨੂੰ ਨੌਕਰੀ ਦੇਣ ਲਈ ਪੰਜਾਬ ਸਰਕਾਰ ਨੇ ਨਿਯਮ ਬਦਲੇ


ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ 'ਮਾਣ ਤੇ ਸ਼ੁਕਰਾਨੇ ਦੀ ਨੌਕਰੀ ਦੇਣ' ਦੀ ਨੀਤੀ ਵਿੱਚ ਕੁਝ ਛੋਟ ਦਿੰਦਿਆਂ ਪੰਜਾਬ ਸਰਕਾਰ ਨੇ ਗਲਵਾਨ ਘਾਟੀ ਵਿੱਚ ਚੀਨ ਨਾਲ ਟਕਰਾਅ ਦੌਰਾਨ ਸ਼ਹੀਦ ਹੋਏ ਦੇ ਤਿੰਨ ਕੁਆਰੇ ਫੌਜੀਆਂ ਦੇ ਵਿਆਹੁਤਾ ਭਰਾਵਾਂ ਨੂੰ ਨੌਕਰੀਆਂ ਦੇਣ ਲਈ ਨਿਯਮ ਬਦਲਣ ਲਈ ਹਰੀ ਝੰਡੀ ਦੇ ਦਿੱਤੀ ਹੈ।

ਅਸਲ ਵਿੱਚ ਇਹ ਫੈਸਲਾ ਤਿੰਨ ਫੌਜੀਆਂਸਿਪਾਹੀ ਗੁਰਤੇਜ ਸਿੰਘ, ਗੁਰਬਿੰਦਰ ਸਿੰਘ ਅਤੇ ਲਾਂਸ ਨਾਇਕ ਸਲੀਮ ਖਾਨ ਦੀਕੁਰਬਾਨੀ ਨੂੰ ਮਾਨਤਾ ਦੇਣ ਲਈਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਲਿਆ ਹੈ। ਮੌਜੂਦਾ ਨਿਯਮਾਂ ਮੁਤਾਬਕ ਜੰਗੀ ਸ਼ਹੀਦਾਂ ਦੇ 'ਨਿਰਭਰ ਪਰਿਵਾਰਕ ਮੈਂਬਰਾਂ ਜਾਂ ਅਗਲੇ ਵਾਰਸਾਂ' ਨੂੰ ਨੌਕਰੀ ਮਿਲ ਸਕਦੀ ਸੀ, ਪਰ ਇਨ੍ਹਾਂ ਤਿੰਨ ਫੌਜੀਆਂ ਦੇ ਕੇਸ ਵਿੱਚ ਕੋਈ ਪਰਿਵਾਰਕ ਮੈਂਬਰ ਉਨ੍ਹਾਂ ਉੱਤੇ ਨਿਰਭਰ ਨਹੀਂ ਸੀ, ਇਸ ਲਈ ਇਨ੍ਹਾਂ ਦੇ ਵਿਆਹੁਤਾ ਭਰਾਵਾਂ ਨੂੰ ਨੌਕਰੀਆਂ ਦੇਣ ਲਈ ਨਿਯਮ ਬਦਲਣ ਦਾ ਫੈਸਲਾ ਕੀਤਾ ਗਿਆ ਹੈ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਫੌਜੀ ਗੁਰਤੇਜ ਸਿੰਘ (ਕੁਆਰਾ) ਦਾ ਭਰਾ ਗੁਰਪ੍ਰੀਤ ਸਿੰਘ, ਫੌਜੀ ਗੁਰਬਿੰਦਰ ਸਿੰਘ (ਕੁਆਰਾ) ਦਾ ਭਰਾ ਗਰਪ੍ਰੀਤ ਸਿੰਘ ਅਤੇ ਲਾਂਸ ਨਾਇਕ ਸਲੀਮ ਖਾਨ (ਕੁਆਰਾ) ਦਾ ਭਰਾ ਨਿਆਮਤ ਅਲੀ ਨੇ 'ਜੰਗੀ ਨਾਇਕਾਂ ਦੇ ਨਿਰਭਰ ਮੈਂਬਰਾਂ' ਦੀ ਪ੍ਰੀਭਾਸ਼ਾ ਹੇਠ ਨਾ ਆਉਣ ਦੇ ਬਾਵਜੂਦ ਸਰਕਾਰੀ ਨੌਕਰੀ ਕਰਨ ਲਈ ਅਪਲਾਈ ਕੀਤਾ ਸੀ।ਬੁਲਾਰੇ ਮੁਤਾਬਕ 24 ਸਤੰਬਰ 1999 ਦੀ 'ਜੰਗੀ ਨਾਇਕਾਂ' ਦੇ ਪਰਿਵਾਰਾਂ ਦੇ ਨਿਰਭਰ ਮੈਂਬਰਾਂ ਨੂੰ 'ਮਾਣ ਅਤੇ ਸ਼ੁਕਰਾਨੇ ਦੀ ਨੌਕਰੀ ਦੇਣ' ਦੀ ਨੀਤੀ ਹੇਠ ਕਲਾਸ 1 ਅਤੇ ਕਲਾਸ 2 ਵਿੱਚ ਨੌਕਰੀ ਅਤੇ ਮਿਤੀ 19 ਅਗਸਤ 1999 ਦੀ 'ਜੰਗੀ ਨਾਇਕਾਂ' ਦੇ ਪਰਿਵਾਰਾਂ ਦੇ ਨਿਰਭਰ ਮੈਂਬਰਾਂ ਨੂੰ ਕਲਾਸ-3 ਅਤੇ ਕਲਾਸ-4 ਵਿੱਚ 'ਮਾਣ ਤੇ ਸ਼ੁਕਰਾਨੇ ਦੀ ਨੌਕਰੀ ਦੇਣ' ਦੀ ਨੀਤੀ ਹੇਠ'ਜੰਗੀ ਨਾਇਕ' ਦੀ ਵਿਧਵਾ ਜਾਂ ਨਿਰਭਰ ਮੈਂਬਰ ਨੂੰ ਰਾਜ ਸਰਕਾਰ ਦੀ ਨੌਕਰੀ ਦੇ ਲਈ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਉਨ੍ਹਾ ਦੱਸਿਆ ਕਿ ਇਨ੍ਹਾਂ ਨੀਤੀਆਂ ਮੁਤਾਬਕ ਜੰਗੀ ਨਾਇਕ ਦਾ ਨਿਰਭਰ ਮੈਂਬਰ ਉਸ ਦੀ 'ਵਿਧਵਾ ਜਾਂ ਪਤਨੀ ਜਾਂ ਨਿਰਭਰ ਪੁੱਤਰ ਜਾਂ ਨਿਰਭਰ ਅਣਵਿਆਹੀ ਧੀ ਜਾਂ ਗੋਦ ਲਿਆ ਨਿਰਭਰ ਪੁੱਤਰ ਜਾਂ ਗੋਦ ਲਈ ਹੋਈ ਅਣਵਿਆਹੀ ਧੀ' ਹੈ। ਬੁਲਾਰੇ ਮੁਤਾਬਕ ਇਸ ਨੀਤੀ ਹੇਠ ਜੇ ਜੰਗੀ ਨਾਇਕ ਕੁਆਰਾ ਹੈ, ਪਰ ਉਸ ਉਤੇ ਹੋਰ ਮੈਂਬਰ ਨਿਰਭਰ ਸਨ ਤਾਂ ਕੁਆਰਾ ਭਰਾ ਜਾਂ ਅਣਵਿਆਹੀ ਭੈਣ ਨੂੰ ਇਸ ਨੀਤੀ ਹੇਠ ਨੌਕਰੀ ਦੇਣ ਲਈ ਵਿਚਾਰਿਆ ਜਾ ਸਕੇਗਾ। ਵਰਨਣ ਯੋਗ ਹੈ ਕਿ ਚੀਨ ਦੀ ਫੌਜਵੱਲੋਂ ਕੀਤੇ ਹਮਲੇ ਦੌਰਾਨ ਜੂਨ2020 ਵਿੱਚ ਲੱਦਾਖ ਸੈਕਟਰ ਵਿੱਚ ਸ਼ਹੀਦ ਹੋਣ ਵਾ-ਲਿਆਂ ਵਿੱਚ ਪੰਜ ਫੌਜੀ ਪੰਜਾਬ ਦੇ ਸਨ। ਇਨ੍ਹਾਂ ਨੂੰ ਆਮ ਤੌਰ ਉੱਤੇ ਫੌਜ ਦੇ ਹੈੱਡਕੁਆਰਟਰ ਵੱਲੋਂ ਜੰਗੀ ਸ਼ਹੀਦ ਐਲਾਨਿਆ ਜਾਂਦਾ ਤੇ ਅਜਿਹੇ ਸੈਨਿਕਾਂ ਦੇ ਅਗਲੇ ਵਾਰਸ ਨੂੰ ਵਿੱਤੀ ਮਦਦ ਦੇਣ ਤੋਂ ਇਲਾਵਾ ਰਾਜ ਸਰਕਾਰ ਦੀ 'ਮਾਣ ਤੇ ਸ਼ੁਕਰਾਨੇ ਦੀ ਨੌਕਰੀ ਦੇਣ' ਦੀ ਨੀਤੀ ਮੁਤਾਬਕ ਹਰ ਸ਼ਹੀਦ ਦੇ ਨਿਰਭਰ ਪਰਿਵਾਰਕ ਮੈਂਬਰ ਨੂੰ ਨੌਕਰੀ ਦਿੱਤੀ ਜਾਂਦੀ ਹੈ, ਪਰ ਇਨ੍ਹਾਂ ਪੰਜ ਫੌਜੀਆਂ ਵਿੱਚੋਂ ਤਿੰਨ ਜਣੇ ਕੁਆਰੇ ਸਨ ਅਤੇ ਇਨ੍ਹਾਂ ਤਿੰਨਾਂ ਦਾ ਕੋਈ ਪਰਿਵਾਰਕ ਮੈਂਬਰ ਉਕਤ ਨੀਤੀਆਂ ਵਿੱਚ 'ਜੰਗੀ ਨਾਇਕਾਂ ਦੇ ਨਿਰਭਰ ਮੈਂਬਰਾਂ' ਦੇ ਘੇਰੇ ਹੇਠ ਨਹੀਂਸੀ ਆਉਂਦਾ, ਪਰਿਵਾਰਾਂ ਵਿੱਚ ਬਜ਼ੁਰਗ ਮਾਪੇ ਅਤੇ ਹੋਰ ਪਰਿਵਾਰਕ ਮੈਂਬਰ ਹਨ, ਜਿਸ ਕਰਕੇ ਪੰਜਾਬ ਸਰਕਾਰ ਨੇ ਨਿਯਮਾਂ ਵਿੱਚ ਢਿੱਲ ਦੇਣ ਦਾ ਫੈਸਲਾ ਕੀਤਾ ਹੈ।


UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992



Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਸੁਖਬੀਰ ਬਾਦਲ ਨੇ ਭਾਜਪਾ ਦੇ ਇਰਾਦੇ ਦੱਸ ਕੇ ਕਿਹਾ : ਕੈਪਟਨ ਨੂੰ ਵੀ ਸਜ਼ਾ ਮਿਲੇਗੀ




ਅੰਮ੍ਰਿਤਸਰ, 18 ਨਵੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਅਕਾਲੀ ਦਲ ਪੰਜਾਬ ਵਿੱਚ ਪਿਛਲੇ ਲੰਬੇ ਸਮੇਂ ਤੋਂਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਹੇਠ ਚੋਣ ਲੜਦਾ ਰਿਹਾ ਸੀ, ਪਰ ਅੱਗੇ ਤੋਂ ਏਦਾਂਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਭਾਜਪਾ ਦੀਪੰਜਾਬ ਵਿੱਚਇਕੱਲੇ ਚੋਣਾਂ ਲੜਨ ਦੀ ਕਾਫੀ ਸਮੇਂ ਦੀ ਇੱਛਾ ਇਸ ਵਾਰੀ ਪੂਰੀ ਹੋ ਜਾਵੇਗੀ ਅਤੇ ਉਨ੍ਹਾਂ ਨੂੰ ਸਾਰੇ ਹਾਲਾਤ ਦਾ ਚਾਨਣ ਵੀ ਹੋ ਜਾਵੇਗਾ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਕਿਹੜੀ ਪਾਰਟੀ ਉਨ੍ਹਾਂ ਦੇ ਹਿੱਤਾਂਦੀ ਗੱਲ ਕਰਦੀ ਹੈ। ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਨਾਲ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸੁਖਬੀਰ ਸਿੰਘ ਨੇ ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਜਪਾ ਦਾ ਪੰਜਾਬ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਉੱਤੇ ਇਕੱਲੇ ਚੋਣ ਲੜਨ ਦਾ ਲੋਕਤੰਤਰੀ ਅਧਿਕਾਰ ਹੈ, ਨਾਲੇ ਉਨ੍ਹਾਂ ਦੀ ਇੱਛਾ ਵੀਪੂਰੀ ਹੋ ਜਾਵੇਗੀ। ਭਾਜਪਾ ਦੇ ਪ੍ਰਧਾਨ ਜੇਪੀ ਨੱਢਾ ਦੀ ਪੰਜਾਬ ਫੇਰੀਦਾ ਕਿਸਾਨਾਂ ਵੱਲੋਂ ਵਿਰੋਧ ਕਰਨ ਬਾਰੇ ਕੁਝ ਕਹਿਣ ਤੋਂ ਇਨਕਾਰ ਕਰ ਕੇ ਉਨ੍ਹਾਂ ਕੇਂਦਰ ਸਰਕਾਰ ਨੂੰ ਆਪਣੇ ਇਸ ਅੜੀਅਲ ਰਵੱਈਏ ਨੂੰ ਛੱਡਣ ਲਈ ਕਿਹਾ।

ਇਸ ਮੌਕੇ ਰਾਹੁਲ ਗਾਂਧੀ ਉੱਤੇ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੇ ਦਿਲ ਤੋਂ ਰਾਜਨੀਤੀ ਨਹੀਂ ਕਰਨਾ ਚਾਹੁੰਦੇ, ਨਾ ਉਹ ਰਾਜਨੀਤਕ ਸੰਘਰਸ਼ ਕਰ ਸਕਦੇ ਹਨ ਤੇ ਨਾ ਲੋਕਾਂ ਦੀ ਸੇਵਾ ਕਰਨ ਵਿੱਚ ਕੋਈ ਰੁਚੀ ਹੈ ਤੇ ਜਲਦੀ ਹੀ ਦੇਸ਼ ਵਿੱਚ ਕਾਂਗਰਸ ਦਾ ਅੰਤ ਹੋ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਝੂਠ ਬੋਲ ਕੇ ਸੱਤਾ ਹਾਸਲ ਕੀਤੀ ਹੈ, ਪਰ ਗੁਟਕਾ ਸਾਹਿਬ ਦੀ ਸੰਹੁ ਖਾ ਕੇ ਕੀਤੇ ਵਾਅਦੇ ਨਹੀਂ ਨਿਭਾਏ, ਜਿਸ ਦੀ ਸਜ਼ਾ ਉਨ੍ਹਾਂ ਨੂੰ ਅਗਲੀਆਂ ਚੋਣਾਂ ਵਿੱਚ ਮਿਲੇਗੀ। ਉਨ੍ਹਾ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ, ਜੇ ਉਹ ਗੰਭੀਰ ਹੁੰਦੇ ਤਾਂ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਦੇ ਘਰ ਮੂਹਰੇ ਧਰਨੇ ਉੱਤੇ ਬੈਠਦੇ।

# ਟਰੰਪ ਦੀ ਅੜੀ ਦੇ ਬਾਵਜੂਦ ਬਾਇਡੇਨ ਦੇ ਸਹੁੰ ਚੁੱਕ ਪ੍ਰੋਗਰਾਮ ਦੀ ਤਿਆਰੀ ਸ਼ੁਰੂ

## * ਚੋਣ ਗੜਬੜ ਦਾ ਖੰਡਨ ਕਰਨ ਵਾਲਾ ਅਫਸਰ ਟਰੰਪ ਨੇ ਹਟਾਇਆ




ਵਾਸ਼ਿੰਗਟਨ, 18 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਹਿਯੋਗ ਨਾ ਮਿਲਣ ਦੇ ਬਾਅਦ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡੇਨ ਦੇ ਸਹੁੰ ਚੁੱਕ ਪ੍ਰੋਗਰਾਮ ਦੀਆਂ ਤਿਆਰੀਆਂ ਚੱਲ ਪਈਆਂ ਹਨ। ਨਵੇਂ ਚੁਣੇ ਰਾਸ਼ਟਰਪਤੀ ਨੂੰ ਖੁਫੀਆ ਵਿਭਾਗ ਦੇ ਅਧਿਕਾਰੀਆਂ ਨਾਲ ਬਾਕਾਇਦਾ ਮਿਲਾਇਆ ਜਾਂਦਾ ਹੈ, ਪਰ ਇਸ ਵਾਰ ਏਦਾਂਨਹੀਂ ਹੋ ਰਿਹਾ। ਇਸ ਦੀ ਥਾਂ ਬਾਇਡੇਨ ਨੇ ਮੰਗਲਵਾਰ ਨੂੰ ਖੁਫੀਆ, ਫੌਜੀ ਅਤੇ ਡਿਪਲੋਮੈਟਿਕ ਮਾਹਿਰਾਂ ਨਾਲ ਡਿਜੀਟਲ ਬੈਠਕ ਕੀਤੀ ਹੈ। ਇਨ੍ਹਾਂ ਵਿਚੋਂ ਕੋਈ ਵੀ ਅਧਿਕਾਰੀ ਹਾਲੇ ਅਮਰੀਕੀ ਸਰਕਾਰ ਨਾਲ ਜੁੜਿਆ ਹੋਇਆ ਨਹੀਂ ਹੈ।

ਇਸ ਦੌਰਾਨ ਜੋਅ ਬਾਇਡੇਨ ਨੇ ਸੈਨੇਟ ਦੀ ਖੁਫੀਆ ਮਾਮਲਿਆਂ ਦੀ ਕਮੇਟੀ ਦੇ ਇਕ ਮੈਂਬਰ ਨਾਲ ਬੈਠਕ ਕੀਤੀ ਹੈ, ਪਰ ਅਮਰੀਕਾ ਦਾ ਮੌਜੂਦਾ ਪ੍ਰਸ਼ਾਸਨ ਕੋਰੋਨਾਵਾਇਰਸ ਦੇ ਹਾਲਾਤ ਉੱਤੇ ਬਾਇਡੇਨ ਨੂੰ ਆਪਣੀ ਟੀਮ ਨਾਲ ਗੱਲਨਹੀਂ ਕਰਨ ਦੇ ਰਿਹਾ। ਇਸ ਕਾਰਨ ਬਾਇਡੇਨ ਦੇ ਪ੍ਰਤੀਨਿਧਾਂ ਨੇ ਇਸ ਹਫਤੇ ਫਾਰਮਾ ਕੰਪਨੀਆਂ ਨਾਲ ਸਿੱਧੀ ਮੁਲਾਕਾਤ ਕਰਨ ਦੀ ਯੋਜਨਾ ਬਣਾ ਲਈ ਹੈ। ਟਰੰਪ ਵੱਲੋਂ ਸ਼ਾਂਤੀਪੂਰਨ ਸੱਤਾ ਸੌਂਪਣ ਦੇ ਸੰਕੇਤ ਨਾ ਮਿਲਣ ਕਾਰਨ ਬਾਇਡੇਨ ਅਤੇ ਉਨ੍ਹਾਂ ਦੀ ਟੀਮ ਜਨਵਰੀ ਵਿਚ ਸੱਤਾ ਸਾਂਭਣਤੋਂ ਤੁਰੰਤ ਬਾਅਦ ਕਰਨ ਵਾਲੇ ਕੰਮਾਂ ਦੀਆਂ ਤਿਆਰੀਆਂ ਵਿਚ ਲੱਗੀ ਹੋਈ ਹੈ।

ਦੂਸਰੇ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਹ ਉੱਚ ਅਧਿਕਾਰੀ ਨੌਕਰੀ ਤੋਂਕੱਢ ਦਿੱਤਾ ਹੈ ਜਿਸ ਨੇ ਚੋਣਾਂ ਵਿੱਚ ਗੜਬੜੀ ਤੇ ਵੋਟਿੰਗ ਵਿਚ ਧੋਖਾਧੜੀ ਦੇ ਉਨ੍ਹਾਂ ਦੇ ਦਾਅਵੇ ਨੂੰ ਰੱਦ ਕੀਤਾ ਸੀ। ਟਰੰਪ ਨੇ ਚੋਣ ਅਧਿਕਾਰੀ ਨੂੰ ਨੌਕਰੀ ਤੋਂ ਕੱਢਣ ਦਾ ਐਲਾਨ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਉੱਤੇ ਕੀਤਾ ਹੈ। ਇਸ ਤੋਂ ਇਕ ਹਫ਼ਤਾ ਪਹਿਲਾਂ ਰੱਖਿਆ ਮੰਤਰੀ ਮਾਰਕ ਐਸਪਰ ਨੂੰ ਕੱਢਣ ਦੀ ਸੂਚਨਾ ਵੀ ਉਨ੍ਹਾਂ ਮਾਈਕ੍ਰੋ ਬਲਾਗਿੰਗ ਸਾਈਟ ਉੱਤੇ ਦਿੱਤੀ ਸੀ।ਟਰੰਪ ਦੇ ਕਹਿਣ ਮੁਤਾਬਕ 'ਹੋਮਲੈਂਡ ਸਕਿਊਰਟੀ ਵਿਭਾਗ ਵਿੱਚ ਸਾਈਬਰ ਸਕਿਓਰਿਟੀ ਐਂਡ ਇਨਫ੍ਰਾਸਟਰਕਚਰ ਸਕਿਓਰਿਟੀ ਏਜੰਸੀ (ਸਿਸਾ) ਦੇ ਪ੍ਰਧਾਨ ਕ੍ਰਿਸ ਕ੍ਰੇਬਸ ਨੇ ਵੋਟਿੰਗਤੇ ਅਮਰੀਕੀ ਚੋਣਾਂ ਬਾਰੇ ਬੜੀ ਭੇਦਪੂਰਨ ਟਿੱਪਣੀ ਕੀਤੀ ਸੀ, ਇਸ ਕਾਰਨ ਉਨ੍ਹਾਂ ਨੂੰ ਬਰਖ਼ਾਸਤ ਕੀਤਾ ਗਿਆ ਹੈ।' ਵਰਨਣ ਯੋਗ ਹੈ ਕਿ ਚੋਣ ਦੇ ਦਿਨ ਤਿੰਨ ਨਵੰਬਰਤੋਂ ਦੋ ਹਫ਼ਤੇ ਪਹਿਲਾਂ ਕ੍ਰੇਬਸ ਦੇ ਬੌਸ ਤੇ ਹੋਮਲੈਂਡ ਸਕਿਓਰਿਟੀ ਦੇ ਐਕਟਿੰਗ ਸੈਕਟਰੀ ਚੈੱਡ ਵੁਲਫ ਨੇ ਚੋਣਾਂ ਬਾਰੇ ਚੱਲ ਰਹੀਆਂ ਅਫ਼ਵਾਹਾਂ ਉੱਤੇ ਕੰਟਰੋਲ ਲਈ ਉਨ੍ਹਾਂ ਦੀ ਤਾਰੀਫ ਕੀਤੀ ਸੀ। ਕ੍ਰੇਬਸ ਨੇ ਖ਼ੁਦ ਨੂੰ ਕੱਢੇ ਜਾਣ ਦਾ ਸ਼ੱਕ ਇਸੇ ਸਾਲ ਜੂਨ ਵਿੱਚਓਦੋਂ ਜ਼ਾਹਿਰ ਕੀਤਾ ਸੀ, ਜਦੋਂ ਟਰੰਪ ਨੇ ਇਹ ਦਾਅਵਾ ਕਰਨਾ ਸ਼ੁਰੂ ਕੀਤਾ ਸੀ ਕਿ ਡਾਕ ਰਾਹੀਂ ਵੋਟਿੰਗ ਦੌਰਾਨ ਗੜਬੜ ਹੋ ਰਹੀ ਹੈ। ਨੌਕਰੀ ਤੋਂ ਬਰਖ਼ਾਸਤ ਹੋਣ ਦੇ ਬਾਵਜੂਦ ਕ੍ਰਿਸ ਕ੍ਰੇਬਸ ਨੇ ਮੰਗਲਵਾਰ ਟਵੀਟ ਕਰ ਕੇ ਡੋਨਾਲਡ ਟਰੰਪ ਦੇ ਉਨ੍ਹਾਂ ਦੋਸ਼ਾਂਨੂੰ ਫਿਰ ਰੱਦ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਕੁਝ ਰਾਜਾਂ ਵਿੱਚ ਬਾਇਡਨ ਦੇ ਪੱਖ ਵਿੱਚ ਵੋਟ ਦਿੱਤੇ ਗਏ। ਕ੍ਰਿਸ ਕ੍ਰੇਬਸ ਨੇ ਟਵੀਟ ਕੀਤਾ ਕਿ ਚੋਣ ਪ੍ਰਕਿਰਿਆ ਨਾਲ ਛੇੜਛਾੜ ਦੇ ਦੋਸ਼ਾਂ ਬਾਰੇ 59 ਚੋਣ ਸੁਰੱਖਿਆ ਮਾਹਰਾਂ ਦੀ ਇਕ ਰਾਇ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਹਰ ਕੇਸ ਵਿੱਚਟਰੰਪ ਦੇ ਦਾਅਵੇ ਫੋਕੇ ਹਨ। ਕ੍ਰਿਸ ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਉਨ੍ਹਾਂ ਸੀਨੀਅਰ ਅਧਿਕਾਰੀਆਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੇ ਪਿਛਲੇ ਹਫ਼ਤੇ ਅਮਰੀਕਾ ਦੀ ਚੋਣ ਨੂੰ ਇਤਿਹਾਸ ਦੀ ਸਭ ਤੋਂ ਸੁਰੱਖਿਅਤ ਚੋਣ ਕਿਹਾ ਸੀ।

# ਚੀਨ ਵਿਰੁੱਧ ਮੋਰਚਾ ਬੰਦੀ ਲਈ ਜਾਪਾਨ ਤੇ ਆਸਟ੍ਰੇਲੀਆ ਨੇ ਫੌਜੀ ਸਮਝੌਤਾ ਕਰ ਲਿਆ



ਟੋਕੀਓ/ ਸਿਡਨੀ, 18 ਨਵੰਬਰ, (ਪੋਸਟ ਬਿਊਰੋ)- ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹੀਦੇ ਸੁਗਾ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਦੱਖਣੀ ਚੀਨ ਸਾਗਰ ਅਤੇ ਪ੍ਰਸ਼ਾਂਤ ਸਾਗਰ ਦੇ ਟਾਪੂ ਦੇਸ਼ਾਂ ਉੱਤੇ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਇੱਕ ਮਹੱਤਵਪੂਰਨ ਫੌਜੀ ਸਮਝੌਤੇ ਉੱਤੇ ਦਸਖ਼ਤ ਕੀਤੇ ਹਨ।

ਰੇਸੀਪ੍ਰੋਕਲ ਐਕਸਪ੍ਰੈੱਸ ਐਗਰੀਮੈਂਟ ਨਾਂਅ ਦਾ ਇਹ ਸਮਝੌਤਾ ਟੋਕੀਓ ਵਿਚ ਕਵਾਡ ਗੱਠਜੋੜ ਦੇ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਦੇ ਬਾਅਦ ਹੋਇਆ, ਜਿਸ ਵਿਚ ਅਮਰੀਕਾ ਤੇ ਭਾਰਤ ਸ਼ਾਮਲ ਹਨ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਮੌਰੀਸਨ ਨੇ ਇਕ ਬਿਆਨ ਵਿਚ ਕਿਹਾ, 'ਆਸਟ੍ਰੇਲੀਆ ਤੇ ਜਾਪਾਨ ਇਕ ਮਹੱਤਵ ਪੂਰਨਫੌਜੀ ਸਮਝੌਤੇ ਬਾਰੇ ਸਿਧਾਂਤਕ ਸਮਝੌਤੇ ਉੱਤੇ ਪੁੱਜ ਗਏ ਹਨ, ਜਿਹੜਾ ਦੋਵਾਂ ਦੇਸ਼ਾਂ ਦੇ ਰਣਨੀਤਕ ਤੇ ਸੁਰੱਖਿਆ ਸੰਬੰਧਾਂ ਨੂੰ ਹੋਰ ਗੂੜ੍ਹਾ ਕਰੇਗਾ।' ਉਨ੍ਹਾਂ ਨੇ ਕਿਹਾ, 'ਇਹ ਸਮਝੌਤਾ ਸਾਡੇ ਦੋਵਾਂ ਦੇਸ਼ਾਂ ਵਿਚਾਲੇ ਉੱਨਤ ਫੌਜੀ ਸਹਿਯੋਗ ਦੇ ਨਵੇਂ ਚੈਪਟਰ ਦਾ ਰਾਹ ਪੱਧਰਾ ਕਰਦਾ ਹੈ। ਅਜਿਹਾ ਇਕ ਸਮਝੌਤਾ ਜਾਪਾਨ ਨੇ 60 ਸਾਲ ਪਹਿਲਾਂ ਅਮਰੀਕਾ ਨਾਲ ਕੀਤਾ ਸੀ।'ਚੀਨ ਦਾ ਜ਼ਿਕਰ ਕੀਤੇ ਬਗੈਰ ਆਪਣੇ ਬਿਆਨ ਵਿਚ ਸਕਾਟ ਨੇ 'ਦੱਖਣੀ ਚੀਨ ਸਾਗਰ ਦੀ ਹਾਲਤ ਬਾਰੇ' ਗੰਭੀਰ ਚਿੰਤਾ ਜ਼ਾਹਰ ਕੀਤੀ ਤੇ ਸਥਿਤੀ ਬਦਲਣ ਦੇ ਕਿਸੇ ਇਕਪਾਸੜ ਯਤਨਅਤੇ ਉਨ੍ਹਾਂ ਦੇ ਸਖ਼ਤ ਵਿਰੋਧ ਦੀ ਪੁਸ਼ਟੀ ਕੀਤੀ ਹੈ।

# 118 ਸਾਲ ਪੁਰਾਣੀ 010 ਨੰਬਰ ਪਲੇਟ 1 ਲੱਖ 28 ਹਜ਼ਾਰ ਪੌਂਡ ਦੀ ਵਿਕੀ

ਲੰਡਨ, 18 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ 1902 ਵਿੱਚ ਬ੍ਰਮਿੰਘਮ ਵਿੱਚ ਜਾਰੀ ਹੋਈ 010 (ਓ 10) ਨੰਬਰ ਦੀ ਪਲੇਟ 1 ਲੱਖ 28 ਹਜ਼ਾਰ ਪੌਂਡ ਦੀ ਵਿਕੀ ਹੈ। ਨਿਲਾਮੀ ਘਰ ਅਨੁਸਾਰ ਇਹ ਨੰਬਰ ਪਲੇਟ ਜਾਰੀ ਹੋਣ ਤੋਂਅੱਜ ਤੱਕ ਵੇਚਣ ਵਾਲੇ ਵਿਅਕਤੀ ਦੇ ਪੜਦਾਦੇ ਤੋਂ ਉਨ੍ਹਾਂ ਦੇ ਪਰਵਾਰ ਵਿੱਚ ਨੰਬਰ ਪਲੇਟ ਰੱਖਣ ਵਾਲੇ 10ਵੇਂ ਵਿਅਕਤੀ ਸਨ।

ਸਾਲ 1874 ਵਿੱਚ ਜਨਮੇਂ ਚਾਰਲਸ ਥਾਂਪਸਨ ਬ੍ਰਮਿੰਘਮ ਦੇ ਆਸ ਪਾਸ ਕੰਪਨੀਆਂ ਨੂੰ ਸਟੇਸ਼ਨਰੀ ਵੇਚਣ ਵਾਲੀ ਕੰਪਨੀ ਦੇ ਮਾਲਕ ਸਨ। ਉਨ੍ਹਾਂ ਦੀ 1955 ਵਿੱਚ ਮੌਤ ਹੋ ਗਈ ਸੀ। ਓਦੋਂ ਉਹ ਆਪਣੀ 010 ਨੰਬਰ ਦੀ ਕਾਰ ਵਿਕਰੇਤਾ ਦੇ ਦਾਦਾ ਬੈਰੀ ਥਾਂਪਸਨ ਲਈ ਛੱਡ ਗਏ। ਬੈਰੀ ਦੀ 2017 ਵਿੱਚ ਮੌਤ ਹੋਣ ਤੱਕ ਉਸ ਦੀਆਂ ਸਭ ਕਾਰਾਂ 'ਤੇ ਇਹ ਨੰਬਰ ਪਲੇਟ ਲੱਗਭਗ 60 ਸਾਲ ਲੱਗੀ ਰਹੀ। ਬੈਰੀ ਲੱਕੜੀ ਦੇ ਕਾਰੋਬਾਰ ਨਾਲ ਜੁੜੇ ਰਹੇ ਸਨ। ਬ੍ਰਮਿੰਘਮ ਦੇ ਆਸ ਪਾਸ ਲੋਕਾਂ ਨੇ ਅਕਸਰ ਇਸ ਨੰਬਰ ਵਾਲੀ ਕਾਰ ਨੂੰ ਵੇਖਿਆ। ਬੈਰੀ ਕੋਲ ਕਈ ਕਾਰਾਂ ਸਨ। ਉਹ ਖੇਡਾਂ ਦਾ ਸ਼ੌਕੀਨ ਹੋਣ ਕਰਕੇ 010 ਨੰਬਰ ਵਾਲੀ ਕਾਰ ਨਾਲ ਕਈ ਖੇਡ ਸਟੇਡੀਅਮਾਂ ਵਿੱਚ ਜਾਂਦਾ ਰਿਹਾ। 118 ਸਾਲ ਦੀ ਇਸ ਇਤਿਹਾਸਕ ਨੰਬਰ ਪਲੇਟ ਨੂੰ ਕੱਲ੍ਹ ਕਿਸੇ ਸ਼ੌਕੀਨ ਨੇ 1 ਲੱਖ 28 ਹਜ਼ਾਰ ਪੌਂਡ ਦਾ ਖਰੀਦਿਆ ਹੈ।


## ਅਮਰੀਕੀ ਫੌਜ ਨੂੰ ਵੱਡੀ ਸਫਲਤਾ: ਪਹਿਲੀ ਵਾਰ ਜੰਗੀ ਬੇੜੇ ਤੋਂ ਪੁਲਾੜ 'ਚ ਮਿਜ਼ਾਈਲ ਸੁੱਟੀ

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਚੀਨ ਤੇ ਉਤਰੀ ਕੋਰੀਆ ਤੋਂ ਲਗਾਤਾਰ ਵਧਦੇ ਖਤਰੇ ਦੌਰਾਨ ਅਮਰੀਕਾ ਦੀ ਮਿਜ਼ਾਈਲ ਡਿਫੈਂਸ ਏਜੰਸੀ ਨੇ ਪਹਿਲੀ ਵਾਰ ਪੁਲਾੜ 'ਚ ਇੱਕ ਅੰਤਰ ਮਹਾਦੀਪੀ ਬੈਲਿਸਟਿਕ ਮਿਜ਼ਾਈਲ (ਆਈ ਸੀ ਬੀ ਐਮ) ਨੂੰ ਇੰਟਰਸੈਪਟਰ ਮਿਜ਼ਾਈਲ ਨਾਲ ਮਾਰ ਸੁੱਟਣ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ।












ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor — Jagdish Singh Grewal
Managing Director — Parminder Kaur Grewal
Contributing Editors — Gyan Singh; Angrej Singh
Office Admin — Priya Dhillon
Graphic Designer — Priya Dhillon
Photographer — Kanwaljit Singh Kanwal
Distributer — Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ....

ਭਾਰਤ ਦੀ ਧਰਤ ਨੇ ਇਕ ਲੰਮਾ ਅਰਸਾ ਗੁਲਾਮੀ ਦਾ ਹੰਢਾਇਆ ਹੈ।ਜਿਸਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਲੱਖਾਂ ਭਾਰਤੀ ਸੂਰਵੀਰ ਯੋਧਿਆਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ ਹਨ।ਬਹੁਤ ਸਾਰੇ ਸ਼ਹੀਦ ਅਜਿਹੇ ਵੀ ਹਨ ਜਿਨ੍ਹਾ ਦਾ ਨਾਮ ਇਤਿਹਾਸ ਦੇ ਪੰਨਿਆ ਤੇ ਦਰਜ਼ ਹੀ ਨਹੀ ਹੋ ਸਕਿਆ।ਅਜ਼ਾਦੀ ਦੇ ਇਸ ਘੋਲ਼ ਵਿਚ ਪੰਜਾਬੀਆਂ ਦਾ ਵੀ ਉਚੇਚਾ ਯੋਗਦਾਨ ਰਿਹਾ ਹੈ।ਇਹਨਾ ਹੀ ਸਿਰਲੱਥ ਸੂਰਮਿਆਂ ਵਿਚੋਂ ਹੀ ਇਕ ਨਾਮ ਸ਼ਹੀਦ ਊਧਮ ਸਿੰਘ ਜੀ ਦਾ ਹੈ ।ਜਦੋਂ ਕਦੀ ਜਲਿਆਂ ਵਾਲੇ ਖੂਨੀ ਸਾਕੇ ਦਾ ਜ਼ਿਕਰ ਹੁੰਦਾ ਹੈ ਤਾਂ ਸਹਿਜੇ ਹੀ ਊਧਮ ਸਿੰਘ ਦਾ ਨਾਮ ਯਾਦ ਆ ਜਾਂਦਾ ਹੈ ਜਿਸਨੇ 21 ਸਾਲਾਂ ਬਾਅਦ 1919 ਦੀ ਵਿਸਾਖੀ ਨੂੰ ਅਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਖੂਨੀ ਸਾਕੇ ਦਾ ਬਦਲਾ ਜਨਰਲ ਡਾਇਰ ਨੂੰ ਮਾਰ ਕੇ ਲਿਆ।ਸ.ਊਧਮ ਸਿੰਘ ਦਾ ਸਾਰਾ ਜੀਵਨ ਕੁਰਬਾਨੀਆਂ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ।ਇਹਨਾ ਦੀ ਜੀਵਨੀ ਨੂੰ ਪੜ੍ਹ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਪ੍ਰੇਨਾ ਮਿਲਦੀ ਹੈ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਜਿਲ੍ਹਾ ਸੰਗਰੂਰ ਨੂੰ ਸ ਟਹਿਲ ਸਿੰਘ ਦੇ ਘਰ ਹੋਇਆ ਜਿਹੜੇ ਉਪਲੀ ਪਿੰਡ ਵਿਚ ਰੇਲਵੇ ਕਰਾਸਿੰਗ ਤੇ ਚੋਂਕੀਦਾਰ ਸਨ।ਊਧਮ ਸਿੰਘ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਸੀ।7 ਸਾਲ ਦੀ ਉਮਰ ਵਿਚ ਇਹਨਾ ਦੇ ਮਾਤਾ ਪਿਤਾ ਚਲ ਵਸੇ ਜਿਸਦੇ ਸਿੱਟੇ ਵਜੋਂ ਇਹਨਾ ਨੂੰ ਕੇਂਦਰੀ ਖਾਲਸਾ ਯਤੀਮਘਰ ਅਮ੍ਰਿਸਰ ਵਿਚ ਲਿਜਾਇਆ ਗਿਆ।ਜਿਥੇ ਇਹ ਸਿੱਖੀ ਗੁਣਾਂ ਵਿਚ ਢਲ ਗਏ ਤੇ ਇਥੇ ਹੀ ਇਹਨਾ ਨੂੰ ਊਧਮ ਸਿੰਘ ਦਾ ਨਾਮ ਦਿੱਤਾ ਗਿਆ ਤੇ ਇਹਨਾ ਦੇ ਭਰਾ ਨੂੰ ਮੁਕਤਾ ਸਿੰਘ ਨੂੰ ਸਾਧੂ ਸਿੰਘ ਦਾ ਨਾਮ ਮਿਲਿਆ।1917 ਵਿਚ ਵੱਡੇ ਭਰਾ ਦਾ ਦਿਹਾਂਤ ਹੋ ਗਿਆ ਤੇ ਊਧਮ ਸਿੰਘ ਕੱਲੇ ਰਹਿ ਗਏ।1918 ਵਿਚ ਦਸਵੀਂ ਜਮਾਤ ਕਰਨ ਪਿੱਛੋਂ ਆਪ ਨੇ ਅਨਾਥਘਰ ਛੱਡ ਦਿੱਤਾ।ਜਦੋਂ 13 ਅਪ੍ਰੈਲ 1919 ਦਾ ਉਹ ਖੂਨੀ ਸਾਕਾ ਵਾਪਰਿਆ ਤਾ ਊਧਮ ਸਿੰਘ ਉੱਥੇ ਹੀ ਮੋਜੂਦ ਸਨ ਤੇ ਆਪਣੀ ਸਾਥੀਆਂ ਨਾਲ ਭੀੜ ਨੂੰ ਪਾਣੀ ਪਿਲਾ ਰਹੇ ਸਨ।ਇਸ ਖੂਨੀ ਕਾਂਡ ਨੇ ਊਧਮ ਸਿੰਘ ਦੇ ਮਨ ਤੇ ਬਹੁਤ ਡੂੰਘਾ ਅਸਰ ਕੀਤਾ।ਉਹਨਾ ਨੇ ਇਸ ਖੂਨੀ ਹਾਦਸੇ ਦੇ ਜਿੰਮੇਵਾਰ ਅਫਸਰਾਂ ਤੋਂ ਬਦਲਾ ਲੈਣ ਦਾ ਪ੍ਰਣ ਲਿਆ।

ਇਸ ਤੋਂ ਬਾਅਦ ਉਹ ਅਮਰੀਕਾ ਚਲੇ ਗਏ ਤੇ ਜਦੋਂ ਉਹਨਾ ਨੂੰ ਬੱਬਰ ਅਕਾਲੀ ਲਹਿਰ ਬਾਰੇ ਪਤਾ ਲੱਗਾ ਤੇ ਉਹ ਵਾਪਸ ਭਾਰਤ ਆ ਗਏ।ਉਹ ਆਪਣੇ ਨਾਲ ਪਿਸਤੋਲ ਲੈ ਕੇ ਆਏ ਜਿਸ ਕਰਕੇ ਉਹਨਾ ਨੂੰ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ ਤੇ ਗੈਰ-ਕਾਨੂੰਨੀ ਅਸਲਾ ਤੇ ਗਦਰ ਪਾਰਟੀ ਨਾਲ ਸਬੰਧ ਰੱਖਣ ਲਈ ਚਾਰ ਸਾਲ ਅੰਦਰ ਰੱਖਿਆ ਗਿਆ।1931 ਵਿਚ

ਜੇਲ ਤੋਂ ਰਿਹਾਈ ਪਿੱਛੋਂ ਉਹ ਸੁਨਾਮ ਆ ਗਏ ਜਿਥੇ ਪੁਲਿਸ ਵਲੋਂ ਉਹਨੂੰ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾਣ ਲੱਗਾ।ਅਸਲ ਵਿਚ ਉਹਨਾ ਤੇ ਭਗਤ ਸਿੰਘ ਦੀ ਸ਼ਖਸ਼ੀਅਤ ਦਾ ਬਹੁਤ ਪ੍ਰਭਾਵ ਸੀ ਤੇ ਅੰਗਰੇਜ਼ ਉਹਨਾ ਨੂੰ ਭਗਤ ਸਿੰਘ ਦਾ ਸਾਥੀ ਸਮਝਦੇ ਸਨ।ਇਸ ਦੋਰਾਨ ਹੀ ਉਹਨਾ ਨੇ ਅਮ੍ਰਿਸਰ ਵਿਚ ਇਕ ਦਕਾਨ ਖੋਲੀ ਜਿਸਤੇ ਇਕ ਪੇਂਟਰ ਦਾ ਬੋਰਡ ਲਗਾਇਆ ਤੇ ਨਾਮ ਲਿਖਿਆ ਰਾਮ ਮੁਹੰਮਦ ਸਿੰਘ ਅਜ਼ਾਦ।ਅਸਲ ਵਿਚ ਇਹ ਨਾਮ ਸਾਰੇ ਧਰਮਾਂ ਨੂੰ ਦਰਸਾਉਦਾ ਸੀ।ਇਸ ਤੋਂ ਬਾਅਦ ਉਹ ਕਸ਼ਮੀਰ ਚਲੇ ਗਏ ।ਪੁਲਿਸ ਲਗਾਤਾਰ ਉਹਨਾ ਤੇ ਨਜ਼ਰ ਰੱਖੀ ਹੋਈ ਸੀ।ਪਰ ਕਿਸੇ ਤਰ੍ਹਾਂ ਪੁਲਿਸ ਨੂੰ ਚਕਮਾਂ ਦੇ ਕੇ ਉਹ ਜਰਮਨੀ ਪਹੁੰਚ ਗਏ ।ਜਿਸਤੋਂ ਬਾਅਦ ਲਗਭਗ 1934 ਵਿਚ ਉਹ ਲੰਡਨ ਪਹੁੰਚੇ ਜਿਥੇ ਉਹ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯੋਜਨਾ ਬਣਾਉਣ ਲੱਗੇ।

ਅੰਤ 13 ਮਾਰਚ 1940 ਨੂੰ ਉਹ ਦਿਨ ਆ ਗਿਆ ਜਦੋਂ ਲੰਡਨ ਦੇ ਕੰਗਸਟਨ ਹਾਲ ਵਿਚ ਈਸਟ ਇੰਡੀਆਂ ਕੰਪਨੀ ਤੇ ਕੇਂਦਰੀ ਏਸ਼ੀਅਨ ਸੁਸਾਇਟੀ ਦੀ ਸਾਂਝੀ ਮੀਟਿੰਗ ਹੋ ਰਹੀ ਸੀ ਜਿਸ ਵਿਚ ਜਲ੍ਹਿਆਂ ਵਾਲੇ ਬਾਗ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਜਨਰਲ ਉਡਵਾਇਰ ਨੇ ਭਾਸ਼ਣ ਦੇਣਾ ਸੀ।ਲਗਭਗ ਸ਼ਾਮ ਦਾ ਸਮਾਂ ਸੀ।ਊਧਮ ਸਿੰਘ ਹਾਲ ਵਿਚ ਦਾਖਲ ਹੋਣ ਸਮੇਂ ਆਪਣੀ ਰਿਵਾਲਵਰ ਕਿਤਾਬ ਵਿਚ ਲੁਕਾ ਕੇ ਲੈ ਗਏ ਸਨ।ਜਿਵੇਂ ਹੀ ਭਾਸ਼ਣ ਖਤਮ ਹੋਇਆ ਊਧਮ ਸਿੰਘ ਆਪਣੇ ਓਵਰ ਕੋਟ ਦੀ ਜ਼ੇਬ ਵਿਚੋਂ ਰਿਵਾਲਵਰ ਵਿਚੋਂ ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ ਜੈੱਟਲੈਂਡ (ਸੈਕਰੇਟਰੀ ਫਾਰ ਇੰਡੀਆ ਸਟੇਟ)ਦੇ ਮਾਰੀਆਂ ਜਿਸ ਨਾਲ ਉਹ ਜਖ਼ਮੀ ਹੋ ਕੇ ਆਪਣੀ ਕੁਰਸੀ ਤੇ ਡਿਗ ਪਿਆ, ਉਸ ਤੋਂ ਬਾਅਦ ਦੋ ਗੋ਼ਲੀਆਂ ਮਾਇਕਲ ਉਡਵਾਇਰ ਦੇ ਮਾਰੀਆਂ ਜਿਸ ਨਾਲ ਉਸਦੀ ਮੌਕੇ ਤੇ ਹੀ ਮੋਤ ਹੋ ਗਈ।ਇਸ ਤੋਂ ਇਲਾਵਾ ਉਹਨਾ ਨੇ ਲੁਈਸ ਡੇਨ(ਸਾਬਕਾ ਗਵਰਨਰ ਬੰਬੇ),ਲਾਰਡ ਲੈਮਿੰਗਟਨ(ਸਾਬਕਾ ਗਵਰਨਰ ਪੰਜਾਬ) ਜੋ ਕਿ ਪਹਿਲੀ ਕਤਾਰ ਵਿਚ ਬੈਠੇ ਸਨ ਦਾ ਵੀ ਗੋ਼ਲੀਆਂ ਮਾਰੀਆਂ ਭਾਵੇਂ ਇਹ ਗੋਰੇ ਜਲ੍ਹਿਆਂ ਵਾਲੇ ਖੂਨੀ ਕਾਂਡ ਨਾਲ ਸਬੰਧਿਤ ਨਹੀ ਸਨ ਪਰ ਇਹਨਾ ਜਾਲਮਾਂ ਨੇ ਵੀ ਭਾਰਤੀ ਲੋਕਾਂ ਤੇ ਕ੍ਰਾਂਤੀਕਾਰੀਆਂ ਤੇ ਬਾਹਲਾ ਤਸ਼ੱਦਦ ਕੀਤਾ ਸੀ।

ਇਸ ਤਰ੍ਹਾਂ 21 ਸਾਲਾਂ ਬਾਅਦ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਖੂਨੀ ਸਾਕੇ ਦਾ ਬਦਲਾ ਲੰਡਨ ਵਿਚ ਲਿਆ।ਗੋਰੇ ਨੇ ਖਤਮ ਕਰਨ ਤੋ ਬਾਅਦ ਉਹ ਉਤੋਂ ਭੱਜੇ ਨਹੀ ਸਗੋਂ ਗ੍ਰਿਫਤਾਰੀ ਦੇ ਦਿੱਤੀ ।ਇਸਤੋਂ ਬਾਅਦ ਉਹਨਾ 'ਤੇ ਹੱਤਿਆ ਦਾ ਮੁਕੱਦਮਾਂ ਚਲਾਇਆ ਗਿਆ।

1ਅਪ੍ਰੈਲ 1940 ਨੂੰ ਉਹਨਾ ਨੂੰ ਉਡਵਾਇਰ ਦਾ ਹੱਤਿਆਰਾ ਮੰਨ ਲਿਆ ਗਿਆ।ਟਰਾਇਲ ਕੋਰਟ ਤੋਂ ਬਾਅਦ ਉਹਨੂੰ ਕੇਂਦਰੀ ਅਪਰਾਧਿਕ ਕੋਰਟ ਵਿਚ ਪੁੱਛ-ਗਿੱਛ ਲਈ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਉਹਨਾ ਨੂੰ ਪੁਰਾਣੀ ਬੇਲੀ ਜੇਲ ਵਿਚ ਰੱਖਿਆ ਗਿਆ। ਹਲਾਂਕਿ ਜਸਟਿਸ ਐਟਕਿਨਸਨ ਨੇ ਉਹਨਾ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਸੀ।ਜਿਸਨੂੰ ਰੱਦ ਕਰਵਾਉਣ ਲਈ 15 ਜੁਲਾਈ 1940 ਨੂੰ ਇਕ ਪਟੀਸ਼ਨ ਦਾਇਰ ਕੀਤੀ ਗਈ ਜਿਸਨੂੰ ਖਾਰਿਜ਼ ਕਰ ਦਿੱਤਾ ਗਿਆ ਸੀ।ਅੰਤ 31 ਜੁਲਾਈ 1940 ਨੂੰ ਪੈਂਟਵੇਲੀ ਜੇਲ ਵਿਚ ਇਸ ਸਿਰਲੱਥ ਸੂਰਮੇਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਊਧਮ ਸਿੰਘ ਦੀ ਜੀਵਨੀ ਪੜ੍ਹ ਕੇ ਇਕ ਪਾਸੇ ਜਿੱਥੇ ਪੰਜਾਬੀ ਹੋਣ ਤੇ ਮਾਣ ਮਹਿਸੂਸ ਹੁੰਦਾ ਹੈ ਦੂਜੇ ਪਾਸੇ ਆਪਣੇ ਅੰਦਰ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦਾ ਜ਼ਜਬਾ ਜਗਾਉਣ ਦੀ ਪ੍ਰੇਨਾ ਵੀ ਮਿਲਦੀ ਹੈ।ਆਉਣ ਵਾਲੇ ਸਮੇਂ ਵਿਚ ਆਉ ਇਹਨਾਂ ਸ਼ਹੀਦਾਂ ਦੀ ਸੋਚ ਤੇ ਅਮਲ ਕਰਨ ਦਾ ਯਤਨ ਕਰਈਏ ਤੇ ਆਪਣੇ ਦੇਸ਼ ਕੋਮ ਦੀ ਉੱਨਤੀ ਵਿਚ ਯੋਗਦਾਨ ਪਾਈਏ।

ਊਧਮ ਸਿੰਘ ਨੇ ਜਦ ਹੱਥ ਪਾਇਆ
ਘੋੜੇ ਨੂੰ,
ਭੱਜਣ ਨੂੰ ਥਾਂ ਨਾ ਲੱਭੇ ਲੰਡਨ ਵਿਚ
ਗੋਰੇ ਨੂੰ,
ਦੋ ਫਾਇਰਾ ਵਿਚ ਜਾ਼ਲਮ ਦਾ ਸਿੰਘ
ਨੇ ਕੰਮ ਮੁਕਾ ਦਿੱਤਾ,
ਜਲ੍ਹਿਆਂ ਵਾਲੇ ਸਾਕੇ ਦਾ ਭਾਰ ਸਿਰ
ਤੋਂ ਲਾਹ ਦਿੱਤਾ,
ਦਿਲੋਂ ਸਲਾਮ ਅਜਿਹੇ ਮਾਣਮੱਤਿਆਂ
ਸਰਦਾਰਾਂ ਨੂੰ,
ਪੂਜਦੇ ਰਹਾਂਗੇ ਸਦਾ ਥੋੜਿਆ
ਕਿਰਦਾਰਾਂ ਨੂੰ ।

ਰਵਿੰਦਰ ਲਾਲਪੁਰੀ
ਨੂਰਪੁਰ ਬੇਦੀ (ਰੋਪੜ)
ਸੰਪਰਕ-94634-52261

# ਲੋਪ ਹੋ ਰਹੇ ਰਿਸ਼ਤਿਆਂ ਦੇ ਨਾਂ



ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ

ਸਮਾਂ ਬਦਲ ਰਿਹਾ ਹੈ, ਖ਼ਾਸ ਤੌਰ ਤੇ ਤਕਨੀਕੀ ਯੁੱਗ ਵਿੱਚ ਕੁੱਝ ਜਿਆਦਾ ਤੇਜ਼ੀ ਨਾਲ ਬਦਲ ਰਿਹਾ ਹੈ। ਸੱਭਿਆਚਾਰ ਅਤੇ ਸੱਭਿਆਚਾਰਕ ਸਾਂਝ ਵਿੱਚ ਵੀ ਬਦਲਾਅ ਦਰਜ ਹੋਏ ਹਨ। ਸਾਂਝੇ ਪਰਿਵਾਰ ਇਕੱਹਰੇ ਹੋ ਗਏ ਹਨ। ਰਿਸ਼ਤਿਆਂ ਦਾ ਨਿੱਘ ਪਦਾਰਥਵਾਦੀ ਯੁੱਗ ਵਿੱਚ ਘੱਟਦਾ ਜਾ ਰਿਹਾ ਹੈ। ਪੁੱਤ-ਕਪੁੱਤ ਹੁੰਦੇ ਸੁਣੇ ਸੀ ਅੱਜ-ਕੱਲ੍ਹ ਮਾਪੇ-ਕੁਮਾਪੇ ਹੋਣ ਦੀ ਖ਼ਬਰਾਂ ਵੀ ਨਸ਼ਰ ਹੋ ਰਹੀਆਂ ਹਨ। ਸੱਭ ਕੁੱਝ ਹੋਣ ਦੇ ਬਾਵਜੂਦ ਜੇਕਰ ਇਨਸਾਨ ਥੋੜਾ ਜਿਹਾ ਠਹਿਰ ਕੇ ਆਪਣੇ ਅਮੀਰ ਵਿਰਸੇ, ਇਤਿਹਾਸ, ਵਿਰਾਸਤ, ਸੱਭਿਆਚਾਰ ਦੇ ਅਤੀਤ ਵਿੱਚ ਝਾਤ ਮਾਰ ਲਵੇ ਤਾਂ ਜੀਵਣ ਦਾ ਪੰਧ ਸੌਖਾ ਅਤੇ ਅਨੰਦ ਭਰਪੂਰ ਹੋ ਸਕਦਾ ਹੈ। ਇੱਕਹਰੇ ਪਰਿਵਾਰਾਂ ਦੀ ਪ੍ਰਪਾਟੀ ਨੇ ਰਿਸ਼ਤਿਆਂ ਦੇ ਨਿੱਘ ਅਤੇ ਰਿਸ਼ਤਿਆਂ ਦੇ ਨਾਂਵਾਂ ਨੂੰ ਆਪਣੇ ਅੰਦਰ ਦਫਨ ਕਰ ਲਿਆ ਹੈ।

ਅੱਜ ਨਵੀਂ ਪੀੜ੍ਹੀ ਦੇ ਬੱਚੇ ਅਤੇ ਨੌਜਵਾਨ ਪਰਿਵਾਰਕ ਰਿਸ਼ਤਿਆਂ ਦੇ ਨਿੱਘ ਅਤੇ ਨਾਵਾਂ ਦੋਹਾਂ ਤੋਂ ਅਨਜਾਣ ਹਨ। ਅੰਗਰੇਜ਼ੀ ਦੇ ਸ਼ਬਦ 'ਅੰਕਲ-ਆਂਟੀ' ਨੇ ਸਾਰਾ ਕੁੱਝ ਲਪੇਟ ਕੇ ਰੱਖ ਲਿਆ ਹੈ। ਦਾਦਾ-ਦਾਦੀ (ਵੱਡੇ ਪਾਪਾ-ਵੱਡੀ ਮਾਂ), ਭੈਣ-ਭਰਾ (ਬਰੋ-ਸਿਸ), ਬੇਬੇ-ਬਾਪੂ (ਮੌਮ-ਡੈਡ) ਹੋ ਗਿਆ ਤੇ ਰਹੇ ਨਜ਼ਦੀਕੀ ਰਿਸ਼ਤੇ ਚਾਚਾ-ਚਾਚੀ, ਮਾਮਾ-ਮਾਮੀ, ਮਾਸੀ-ਮਾਸੜ, ਤਾਈ-ਤਾਇਆ, ਭੂਆ-ਫੁੱਫੜ, ਜੇਠ-ਜੇਠਾਣੀ, ਦਿਓਰ-ਭਰਜਾਈ ਦਾ ਉਚਾਰਣ ਤਾਂ ਪਿੰਡਾਂ ਕਸਬਿਆਂ ਤੱਕ ਹੀ ਸੀਮਿਤ ਹੋ ਕੇ ਰਿਹਾ ਗਿਆ ਹੈ ਅਤੇ ਬਿਨ੍ਹਾਂ ਸ਼ੱਕ ਉੱਥੇ ਵੀ ਸੁੰਘੜਦਾ ਜਾ ਰਿਹਾ ਹੈ।

ਸਹੁਰੇ ਅਤੇ ਪੇਕੇ ਪਰਿਵਾਰ ਦੇ ਆਪਸੀ ਰਿਸ਼ਤਿਆਂ ਦੇ ਨਾਂ ਅੱਜ ਅਲੋਪ ਹੁੰਦੇ ਜਾ ਰਹੇ ਹਨ। ਸਹੁਰੇ ਪਰਿਵਾਰ ਦੇ ਦਾਦੇ ਨੂੰ ਦਦਿਓਰਾ ਅਤੇ ਸੱਸ ਦੇ ਪੇਕੇ ਪਰਿਵਾਰ ਵਿੱਚ ਨਨਿਓਰਾ ਆਦਿ। ਇਸੇ ਤਰ੍ਹਾਂ ਸਹੁਰੇ ਪਰਿਵਾਰ ਵਿੱਚ ਸੱਸ ਦੀ ਭੈਣ ਨੂੰ ਮਾਸੀ ਸੱਸ, ਸੱਸ ਦੀ ਭਰਜਾਈ ਨੂੰ ਮਾਮੀ ਸੱਸ ਜਾਂ ਮਾਮੇਸ ਅਤੇ ਸਹੁਰੇ ਦੀ ਭੈਣ ਨੂੰ ਭੂਆ ਸੱਸ ਜਾਂ 'ਫੁਫੇਸ' ਆਦਿ ਰਿਸ਼ਤਿਆਂ ਦੇ ਨਾਵਾਂ ਤੋਂ ਅਜੋਕੀ ਪੀੜ੍ਹੀ ਕੁੱਝ ਨਹੀ ਜਾਣਦੀ। ਕੁੱਝ ਹੋਰ ਰਿਸ਼ਤਿਆਂ ਦੇ ਨਾਵਾਂ ਦਾ ਜ਼ਿਕਰ ਕਰਦੇ ਹਾਂ। ਵਿਆਹ ਤੋਂ ਬਾਅਦ ਨਵੀਂ ਜੋੜੀ ਦਾ ਜੋੜ ਜਿੱਥੇ ਜੁੜਦਾ ਹੈ ਉੱਥੇ ਨਵੇਂ ਰਿਸ਼ਤੇ ਵੀ ਨਾਲ ਜੁੜ ਜਾਂਦੇ ਹਨ। ਦੋਵੇਂ ਲੜਕਾ-ਲੜਕੀ ਲਈ ਇੱਕ ਦੂਜੇ ਦੇ ਰਿਸ਼ਤੇਦਾਰ ਜਿਵੇਂ ਚਾਚੇ-ਤਾਏ ਪਤਿਓਰੇ ਬਣ ਜਾਂਦੇ ਨੇ ਅਤੇ ਚਾਚੀ-ਤਾਈ ਪਤੀਸ ਅਖਵਾਉਂਦੇ ਹਨ। ਭਰਾ ਦੇ ਮੁੰਡਾ-ਕੁੜੀ ਨੂੰ ਭਤੀਜਾ ਭਤੀਜੀ ਅਤੇ ਭੈਣ ਦੇ ਮੁੰਡੇ-ਕੁੜੀ ਨੂੰ ਭਨੇਵਾਂ-ਭਨੇਵੀਂ ਕਿਹਾ ਜਾਂਦਾ ਹੈ। ਘਰਵਾਲੀ ਦੇ ਭਰਾ-ਭਰਜਾਈ ਨੂੰ ਸਾਲਾ-ਸਾਲੇਹਾਰ ਅਤੇ ਭੈਣ-ਜੀਜੇ ਨੂੰ ਸਾਲੀ ਅਤੇ ਸਾਂਢੂ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਘਰਵਾਲੇ ਦੇ ਵੱਡੇ ਭਰਾ-ਭਰਜਾਈ ਨੂੰ ਜੇਠ-ਜੇਠਾਣੀ, ਛੋਟੇ ਭਰਾ-ਭਰਜਾਈ ਨੂੰ ਦਿਓਰ-ਦਰਾਣੀ ਅਤੇ ਭੈਣ ਅਤੇ ਜੀਜੇ ਨੂੰ ਨਨਾਣ-ਨਨਾਣਵਈਆ ਕਿਹਾ ਜਾਂਦਾ ਹੈ।

ਉਪਰੋਕਤ ਨਾਵਾਂ ਦੇ ਉਚਾਰਣ ਨਾਲ ਹੀ ਸਬੰਧਿਤ ਵਿਅਕਤੀ ਦਾ ਅਗਲੇ ਵਿਅਕਤੀ ਦਾ ਰਿਸ਼ਤਾ ਸਪੱਸ਼ਟ ਹੋ ਜਾਂਦਾ ਹੈ। ਅੱਜ ਰਿਸ਼ੇਤਾਦਰਾਂ ਦੇ ਨਾਂ ਅਲੋਪ ਹੋ ਰਹੇ ਹਨ। ਘਰ ਦੇ ਬਜ਼ੁਰਗਾਂ ਸਮੇਤ ਮਾਤਾ-ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਕਿਸੇ ਘਰੇਲੂ ਸਮਗਾਮਾਂ ਦੌਰਾਨ ਆਪ ਅੱਗੇ ਹੋ ਕੇ ਆਪਣੇ ਰਿਸ਼ੇਤਦਾਰਾਂ ਨਾਲ ਮਿਲਵਾਉਣ ਅਤੇ ਉਹਨਾਂ ਨਾਲ ਉਹਨਾਂ ਦੇ ਰਿਸ਼ਤਿਆਂ ਨੂੰ ਨਾਵਾਂ ਸਮੇਤ ਦੱਸਣ ਤਾਂ ਕਿ ਸਾਡੇ ਬੱਚੇ ਇਹਨਾਂ ਰਿਸ਼ਤਿਆਂ ਦਾ ਨਿੱਘ ਵੀ ਮਾਣ ਸਕਣ ਅਤੇ ਰਿਸ਼ਤਿਆਂ ਦੇ ਨਾਵਾਂ ਸਮੇਤ ਰਿਸ਼ਤੇਦਾਰਾਂ ਨੂੰ ਜਾਣ-ਪਹਿਚਾਣ ਵੀ ਸਕਣ। ਇਹੀ ਸਾਡਾ ਸੱਭਿਆਚਾਰ ਅਤੇ ਵਿਰਸਾ ਹੈ।




ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

MARVES HARDWOOD FLOORING



Services:
Fence - Hardwood Flooring
Stairs - Small Renovation
John
416-787-6551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005








AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

Visions of Punjab





Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਸ਼ਹੀਦ ਭਗਤ ਸਿੰਘ ਦੇ ਸਾਥੀ ਬਟੁਕੇਸ਼ਵਰ ਦੱਤ ਨੂੰ ਯਾਦ ਕਰਦਿਆਂ

-ਪ੍ਰੋਫੈਸਰ ਬਸੰਤ ਸਿੰਘ ਬਰਾੜ-

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਸਾਥੀਆਂ 'ਚੋਂ ਬੀ ਕੇ ਦੱਤ ਸਿਰਫ ਇਸ ਲਈ ਬਦਨਸੀਬ ਰਿਹਾ ਕਿ ਉਹ ਇਸ ਸੰਘਰਸ਼ ਵਿੱਚੋਂ ਜਿਉਂਦਾ ਬਚ ਨਿਕਲਿਆ। ਭਾਰਤ ਵਿੱਚ ਸਿਰਫ ਜਾਨ ਕੁਰਬਾਨ ਵਾਲੇ ਦੇਸ਼ ਭਗਤਾਂ ਦੀ ਹੀ ਕਦਰ ਪੈਂਦੀ ਹੈ। ਸੰਨ 1947 ਤੋਂ ਬਾਅਦ ਬੀ ਕੇ ਦੱਤ ਦੀ ਹੋਈ ਦੁਰਗਤੀ ਤੋਂ ਜਾਪਦਾ ਹੈ ਕਿ ਜੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਨਾ ਹੁੰਦੀ ਤਾਂ ਸ਼ਾਇਦ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਵੀ ਕਦਰ ਨਹੀਂ ਪੈਣੀ ਸੀ। ਆਪਣੇ ਅੰਤਿਮ ਦਿਨਾਂ ਵਿੱਚ ਲੁਧਿਆਣਾ ਦੇ ਇੱਕ ਹਸਪਤਾਲ ਵਿੱਚ ਦਾਖਲ ਸ਼ਹੀਦ ਭਗਤ ਸਿੰਘ ਦੀ ਮਾਂ, ਪੰਜਾਬ ਮਾਤਾ ਵਿਦਿਆਵਤੀ ਨੇ ਕਿਹਾ ਸੀ ਕਿ ਜੇ ਅੰਗਰੇਜ਼ ਕੱਢ ਕੇ ਦੇਸ਼ ਦਾ ਇਹੋ ਹਾਲ ਹੋਣਾ ਸੀ ਤਾਂ ਮੇਰੇ ਪੁੱਤ ਨੂੰ ਫਾਂਸੀ ਚੜ੍ਹਨ ਦੀ ਕੀ ਲੋੜ ਸੀ?

ਬਟੁਕੇਸ਼ਵਰ ਦੱਤ ਦਾ ਜਨਮ 18 ਨਵੰਬਰ 1910 ਨੂੰ ਬੰਗਾਲ ਵਿੱਚ ਹੋਇਆ ਸੀ। ਉਸ ਨੇ ਪੀ ਪੀ ਐਨ ਹਾਈ ਸਕੂਲ ਕਾਨਪੁਰ ਤੋਂ ਬੀ ਏ ਪਾਸ ਕੀਤੀ ਸੀ ਅਤੇ ਸੰਨ 1924 ਵਿੱਚ ਕਾਨਪੁਰ ਵਿੱਚ ਹੀ ਭਗਤ ਸਿੰਘ ਨੂੰ ਮਿਲਣ ਪਿੱਛੋਂ ਕ੍ਰਾਂਤੀਕਾਰੀਆਂ ਵਿੱਚ ਸ਼ਾਮਲ ਹੋ ਗਿਆ ਸੀ। ਹਿੰਦੁਸਤਾਨ ਸਮਾਜਵਾਦੀ ਰਿਪਬਲਿਕ ਸਭਾ ਵਿੱਚ ਸ਼ਾਮਲ ਹੋ ਕੇ ਉਸ ਨੇ ਬੰਬ ਬਣਾਉਣ ਦੀ ਮੁਹਾਰਤ ਹਾਸਲ ਕਰ ਲਈ। ਬੀ ਕੇ ਦੱਤ ਦੇ ਜੀਵਨ ਦੀ ਸਭ ਤੋਂ ਵੱਡੀ ਘਟਨਾ ਅੱਠ ਅਪ੍ਰੈਲ 1929 ਨੂੰ ਸੈਂਟਰਲ ਅਸੈਂਬਲੀ ਵਿੱਚ ਬੰਬ ਸੁੱਟ ਕੇ ਅੰਗਰੇਜ਼ ਸਰਕਾਰ ਦੇ ਕੰਨ ਖੋਲ੍ਹਣਾ ਸੀ। ਪਹਿਲਾਂ ਇਹ ਕੰਮ ਬੀ ਕੇ ਦੱਤ ਅਤੇ ਸੁਖਦੇਵ ਨੇ ਕਰਨਾ ਸੀ ਅਤੇ ਭਗਤ ਸਿੰਘ ਨੇ ਰੂਸ ਦੇ ਦੌਰੇ ਉੱਤੇ ਜਾਣਾ ਸੀ। ਚੰਗਾ ਬੁਲਾਰਾ ਹੋਣ ਕਰ ਕੇ ਬਾਅਦ ਵਿੱਚ ਸੁਖਦੇਵ ਦੀ ਥਾਂ ਭਗਤ ਸਿੰਘ ਨੂੰ ਭੇਜਿਆ ਗਿਆ। ਇਨ੍ਹਾਂ ਬੰਬਾਂ ਨੂੰ ਸੁੱਟਣ ਦਾ ਮੁੱਖ ਮੰਤਵ ਤਾਂ ਅਸੈਂਬਲੀ ਵਿੱਚ ਪੇਸ਼ ਕੀਤੇ ਜਾਣ ਵਾਲੇ ਦੋ ਜਾਬਰ ਬਿੱਲਾਂ ਦਾ ਵਿਰੋਧ ਕਰਨਾ ਸੀ, ਪਰ ਇਸ ਘਟਨਾ ਵਿੱਚ ਤਿੰਨ ਭਾਰਤੀ ਅਤੇ ਇੱਕ ਅੰਗਰੇਜ਼ ਮੈਂਬਰ ਜ਼ਖਮੀ ਵੀ ਹੋਏ ਸਨ। ਅਸੈਂਬਲੀ ਵਿੱਚ ਪਰਚੇ ਸੁੱਟਦੇ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਦੋਵਾਂ ਨੌਜਵਾਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਹ ਬੰਬ ਬੀ ਕੇ ਦੱਤ ਨੇ ਬਣਾਏ ਅਤੇ ਪਰਚਾ ਭਗਤ ਸਿੰਘ ਨੇ ਲਿਖਿਆ ਸੀ। ਵੀਹ ਸਾਲ ਕੈਦ ਦੀ ਸਜ਼ਾ ਸੁਣਾ ਕੇ ਬਟੁਕੇਸ਼ਵਰ ਦੱਤ ਨੂੰ ਅੰਡੇਮਾਨ ਨਿਕੋਬਾਰ ਦੇ ਕਾਲੇ ਪਾਣੀ ਭੇਜ ਦਿੱਤਾ ਗਿਆ। ਉਥੇ ਘੋਰ ਤਸੀਹੇ ਸਹੇ ਤੇ ਬੁਰੇ ਹਾਲਾਤ ਦਾ ਸਾਹਮਣਾ ਕੀਤਾ। ਇਸ ਮਹਾਨ ਸੁਤੰਤਰਤਾ ਸੈਨਾਨੀ ਨੂੰ ਤਪਦਿਕ ਹੋ ਗਈ, ਪਰ ਵਾਪਸ ਆ ਕੇ ਫਿਰ 'ਭਾਰਤ ਛੱਡੋ ਅੰਦੋਲਨ' ਵਿੱਚ ਉਸ ਨੇ ਸਰਗਰਮੀ ਨਾਲ ਭਾਗ ਲਿਆ ਅਤੇ ਚਾਰ ਸਾਲ ਦੀ ਕੈਦ ਕੱਟੀ। ਇਸ ਸਿਰਲੱਥ ਕ੍ਰਾਂਤੀਕਾਰੀ ਨੂੰ ਵਿਦੇਸ਼ੀ ਸਰਕਾਰ ਦੇ ਜ਼ੁਲਮਾਂ ਦਾ ਇੰਨਾ ਦੁੱਖ ਨਹੀਂ ਸੀ, ਜਿੰਨਾ ਆਜ਼ਾਦੀ ਤੋਂ ਬਾਅਦ ਹੋਏ ਤ੍ਰਿਸਕਾਰ ਦਾ ਹੋਇਆ। ਜਿਸ ਦੇਸ਼ ਭਗਤ ਦਾ ਨਾਂਅ ਬੱਚੇ-ਬੱਚੇ ਦੀ ਜ਼ੁਬਾਨ ਉੱਤੇ ਹੋਣਾ ਚਾਹੀਦਾ ਸੀ, ਉਸ ਨੂੰ ਬਿਲਕੁਲ ਭੁਲਾ ਦਿੱਤਾ ਗਿਆ ਅਤੇ ਉਸ ਨੂੰ ਇੱਕ ਸਿਗਰਟ ਕੰਪਨੀ ਦੇ ਏਜੰਟ ਵਜੋਂ ਕੰਮ ਕਰ ਕੇ ਪਟਨੇ ਦੀਆਂ ਤੰਬਾਕੂ ਵੇਚਣ ਵਾਲੀਆਂ ਦੁਕਾਨਾਂ 'ਤੇ ਧੱਕੇ ਖਾਣੇ ਪਏ।



ਬਿਸਕੁਟ ਅਤੇ ਬਰੈੱਡ ਵੀ ਵੇਚਣੇ ਪਏ। ਟੂਰਿਸਟ ਗਾਈਡ ਵੀ ਬਣਨਾ ਪਿਆ। ਉਸ ਦੀ ਪਤਨੀ ਵੀ ਨੌਕਰੀ ਕਰਨ ਲੱਗੀ ਤਾਂ ਘਰ ਦਾ ਗੁਜ਼ਾਰਾ ਚੱਲਿਆ। ਕੁਝ ਦਿਨ ਜੇਲ੍ਹ ਜਾਣ ਵਾਲੇ ਸ਼ਾਤਰ ਆਜ਼ਾਦੀ ਘੁਲਾਟੀਏ ਪੈਨਸ਼ਨਾਂ, ਤਾਮਰ ਪੱਤਰਾਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤੱਕ ਰਾਖਵਾਂਕਰਨ ਤੇ ਹੋਰ ਸਹੂਲਤਾਂ ਲੈ ਗਏ ਅਤੇ ਅਜਿਹੇ ਸੂਰਮਿਆਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਇੱਕ ਵਾਰ ਜਦ ਉਨ੍ਹਾਂ ਨੇ ਇੱਕ ਬਸ ਦਾ ਪਰਮਿਟ ਮੰਗਿਆ ਤਾਂ ਪਟਨਾ ਦੇ ਕਮਿਸ਼ਨਰ ਨੇ ਉਨ੍ਹਾਂ ਨੂੰ ਆਪਣੀ ਪਛਾਣ ਦਾ ਸਬੂਤ ਦੇਣ ਨੂੰ ਕਹਿ ਦਿੱਤਾ। ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦ ਨੂੰ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਕਮਿਸ਼ਨਰ ਨੂੰ ਡਾਂਟਿਆ ਤੇ ਮੁਆਫੀ ਮੰਗਵਾਈ।

ਆਜ਼ਾਦ ਭਾਰਤ ਵਿੱਚ ਉਨ੍ਹਾਂ ਨਾਲ ਅਜਿਹਾ ਸਲੂਕ ਹੋਵੇਗਾ, ਇਹ ਆਜ਼ਾਦੀ ਸੰਗਰਾਮੀਆਂ ਨੇ ਸ਼ਾਇਦ ਸੁਫਨੇ ਵਿੱਚ ਵੀ ਨਹੀਂ ਸੋਚਿਆ ਹੋਵ-ੇਗਾ। ਇਹ ਵੱਖਰੀ ਗੱਲ ਹੈ ਕਿ ਸਾਡੇ ਨੇਤਾ ਸਟੇਜਾਂ ਤੋਂ ਵਾਰ-ਵਾਰ ਕਹਿੰਦੇ ਹਨ ਕਿ 'ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।' ਸੰਨ 1964 ਵਿੱਚ ਜਦ ਬੀ ਕੇ ਦੱਤ ਗੰਭੀਰ ਬਿਮਾਰ ਹੋ ਗਏ ਤਾਂ ਪਟਨਾ ਦੇ ਸਰਕਾਰੀ ਹਸਪਤਾਲ ਵਿੱਚ ਬੈੱਡ ਵੀ ਨਾ ਮਿਲਿਆ। ਉਨ੍ਹਾਂ ਦੇ ਸਾਥੀ ਚਮਨ ਲਾਲ ਆਜ਼ਾਦ ਨੇ ਇੱਕ ਅਖਬਾਰ ਨੂੰ ਲਿਖਿਆ : 'ਬਟੁਕੇਸ਼ਵਰ ਦੱਤ ਵਰਗੇ ਬਹਾਦਰ ਆਦਮੀ ਨੂੰ ਭਾਰਤ ਵਿੱਚ ਪੈਦਾ ਕਰ ਕੇ ਰੱਬ ਨੇ ਗਲਤੀ ਕੀਤੀ ਹੈ। ਜਿਸ ਦੇਸ਼ ਦੀ ਆਜ਼ਾਦੀ ਲਈ ਉਸ ਨੇ ਸਾਰਾ ਜੀਵਨ ਕੁਰਬਾਨ ਕਰ ਦਿੱਤਾ, ਉਸੇ ਦੇਸ਼ ਵਿੱਚ ਜਿਊਂਦਾ ਰਹਿਣ ਲਈ ਸੰਘਰਸ਼ ਕਰ ਰਿਹਾ ਹੈ।' ਨਤੀਜੇ ਵਜੋਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਚੰਡੀਗੜ੍ਹ ਅਤੇ ਦਿੱਲੀ ਵਿੱਚ ਮੁਫਤ ਇਲਾਜ ਕਰਵਾਉਣ ਦੀ ਪੇਸ਼ਕਸ਼ ਕੀਤੀ ਅਤੇ ਮਾਲੀ ਸਹਾਇਤਾ ਦਿੱਤੀ, ਸਿਰਫ ਪੰਜਾਬ ਸਰਕਾਰ ਨੇ। ਹਾਲਤ ਵਿਗੜ ਜਾਣ ਉਤੇ ਨਵੰਬਰ 1964 ਵਿੱਚ ਉਹ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਦਾਖਲ ਕਰਵਾਏ ਗਏ। ਉਨ੍ਹਾਂ ਕਿਹਾ, "ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਜਿਸ ਸ਼ਹਿਰ ਵਿੱਚ ਮੈਂ ਬੰਬ ਸੁੱਟੇ ਸਨ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ ਸਨ, ਉਥੇ ਮੈਨੂੰ ਇੱਕ ਅਪਾਹਜ ਵਾਂਗ ਚੁੱਕ ਕੇ ਲਿਆਂਦਾ ਜਾਵੇਗਾ।"

ਦਸੰਬਰ ਵਿੱਚ ਉਨ੍ਹਾਂ ਨੂੰ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਵਿੱਚ ਦਾਖਲ ਕਰਵਾ ਦਿੱਤਾ ਗਿਆ। ਪਤਾ ਚੱਲਿਆ ਕਿ ਉਨ੍ਹਾਂ ਨੂੰ ਕੈਂਸਰ ਦੀ ਆਖਰੀ ਸਟੇਜ ਪੁੱਜ ਚੁੱਕੀ ਸੀ। ਜਦ ਪੰਜਾਬ ਮਾਤਾ ਵਿਦਿਆਵਤੀ ਜੀ ਉਨ੍ਹਾਂ ਨੂੰ ਮਿਲਣ ਗਏ ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਮੇਰਾ ਅੰਤਿਮ ਸਸਕਾਰ ਉਥੇ ਕੀਤਾ ਜਾਵੇ, ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸਸਕਾਰ ਹੋਇਆ ਸੀ। ਉਨ੍ਹਾਂ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਰਾਮ ਕਿਸ਼ਨ ਤੋਂ ਵੀ ਸਿਰਫ ਇਹੀ ਮੰਗ ਕੀਤੀ ਸੀ। ਇਸ ਲਈ ਜਦ ਵੀਹ ਜੁਲਾਈ 1965 ਨੂੰ ਉਹ ਸਵਰਗ ਸਿਧਾਰੇ ਤਾਂ ਉਨ੍ਹਾਂ ਦਾ ਸਸਕਾਰ ਹੁਸੈਨੀਵਾਲਾ ਵਿਖੇ ਕੀਤਾ ਗਿਆ ਅਤੇ ਉਥੇ ਉਨ੍ਹਾਂ ਦੀ ਯਾਦਗਾਰ ਵੀ ਬਣਾਈ ਗਈ। ਬੀ ਕੇ ਦੱਤ ਦੀ ਯਾਦ ਵਿੱਚ ਨਵੀਂ ਦਿੱਲੀ ਵਿੱਚ ਇੱਕ ਕਾਲੋਨੀ ਦਾ ਨਾਂਅ ਰੱਖਿਆ ਗਿਆ।

ਬੀ ਕੇ ਦੱਤ ਬਾਰੇ ਅਨਿਲ ਵਰਮਾ ਦੀ ਲਿਖੀ ਕਿਤਾਬ 'ਬਟੁਕੇਸ਼ਵਰ ਦੱਤ : ਭਗਤ ਸਿੰਘ ਕੇ ਸਹਿਯੋਗੀ' ਨੈਸ਼ਨਲ ਬੁੱਕ ਟਰੱਸਟ ਨੇ ਛਾਪੀ ਹੈ। ਆਪਣੀ ਫਿਲਮ 'ਸ਼ਹੀਦ' ਬਣਾਉਣ ਸਮੇਂ ਮਨੋਜ ਕੁਮਾਰ ਨੇ ਉਨ੍ਹਾਂ ਨੂੰ ਪੂਰਾ ਸਨਮਾਨ ਦਿੱਤਾ ਸੀ। ਇਸ ਦਾ ਸਕਰੀਨ-ਪਲੇਅ ਅਤੇ ਸੰਵਾਦ ਲਿਖਣ ਵਿੱਚ ਬੀ ਕੇ ਦੱਤ ਦਾ ਸਹਿਯੋਗ ਲਿਆ ਗਿਆ। ਇੱਕ ਜਨਵਰੀ 1965 ਨੂੰ ਜਦ ਇਹ ਫਿਲਮ ਪਰਦੇ ਉੱਤੇ ਆਈ ਤਾਂ ਗੰਭੀਰ ਬਿਮਾਰੀ ਦੇ ਬਾਵਜੂਦ ਬਟੁਕੇਸ਼ਵਰ ਦੱਤ ਦੀ ਰੂਹ ਖਿੜ ਉਠੀ। ਚਲੋ, ਕਿਸੇ ਨੇ ਤਾਂ ਇਸ ਮਹਾਨ ਦੇਸ਼ਭਗਤ ਦੀ ਕੁਰਬਾਨੀ ਨੂੰ ਸਲਾਮ ਕੀਤਾ।

# ਅੱਗੋਂ ਮੁਕਾਬਲਾ 'ਖੇਤਰੀ ਹੈਵੀਵੇਟ' ਅਤੇ 'ਭਾਜਪਾ ਦੇ ਪ੍ਰਤੀਕ' ਦੇ ਦਰਮਿਆਨ

-ਕਲਿਆਣੀ ਸ਼ੰਕਰ-

ਪੱਛਮੀ ਬੰਗਾਲ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪ੍ਰਧਾਨ ਮੰਤਰੀ ਅਤੇ ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਰਮਿਆਨ ਸ਼ਖਸੀਅਤ ਦੀ ਟੱਕਰ ਦੇਖਣ ਨੂੰ ਮਿਲੇਗੀ ਕਿਉਂਕਿ ਸੂਬੇ 'ਚ ਕੋਈ ਵੱਡਾ ਨੇਤਾ ਨਹੀਂ ਹੈ। ਇਸ ਲਈ ਭਾਜਪਾ ਇਹ ਫਾਰਮੂਲਾ ਅਪਨਾਉਣ ਵਾਲੀ ਹੈ। ਮੁਕਾਬਲਾ ਖੇਤਰੀ ਹੈਵੀਵੇਟ ਤੇ ਭਾਜਪਾ ਦੇ ਕਰਤਾ-ਧਰਤਾ ਨਰਿੰਦਰ ਮੋਦੀ ਦਰਮਿਆਨ ਹੋਵੇਗਾ। ਇਸ ਤੋਂ ਪਹਿਲਾਂ ਇਹ ਫਾਰਮੂਲਾ ਉਤਰ ਪ੍ਰਦੇਸ਼, ਬਿਹਾਰ, ਦਿੱਲੀ, ਮਹਾਰਾਸ਼ਟਰ ਤੇ ਹਰਿਆਣਾ 'ਚ ਮਿਸ਼ਰਿਤ ਸਫਲਤਾ ਦਿਵਾ ਚੁੱਕਾ ਹੈ। ਅਗਲੇ ਸਾਲ 5 ਸੂਬਿਆਂ 'ਚ ਪੱਛਮੀ ਬੰਗਾਲ, ਆਸਾਮ, ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਚੋਣਾਂ ਭਾਜਪਾ ਦੀ ਵਿਸਥਾਰ ਯੋਜਨਾ ਨੂੰ ਦੇਖਣਗੀਆਂ, ਪਰ ਭਗਵਾ ਪਾਰਟੀ ਦਾ ਮੁੱਖ ਟੀਚਾ ਪੱਛਮੀ ਬੰਗਾਲ ਨੂੰ ਹਾਸਲ ਕਰਨਾ ਹੈ। ਜਿੱਥੇ ਤ੍ਰਿਣਮੂਲ ਕਾਂਗਰਸ 2011 ਤੋਂ ਡਟੀ ਹੋਈ ਹੈ, ਜਦੋਂ ਮਮਤਾ ਨੇ ਸੀ ਪੀ ਐੱਮ ਨੂੰ ਸੂਬੇ ਵਿੱਚੋਂ ਭਜਾਇਆ ਸੀ। ਸੀ ਪੀ ਆਈ ਐੱਮ ਨੇ ਪਿਛਲੇ ਸਮੇਂ ਵਿੱਚ ਤਿੰਨ ਦਹਾਕਿਆਂ ਤੱਕ ਸੂਬੇ 'ਤੇ ਆਪਣਾ ਸ਼ਾਸਨ ਚਲਾਇਆ ਸੀ।

ਮਮਤਾ ਤੀਸਰੇ ਕਾਰਜਕਾਲ ਲਈ ਸੱਤਾ ਪ੍ਰਾਪਤ ਕਰਨਾ ਚਾਹੇਗੀ। ਮੋਦੀ ਅਤੇ ਮਮਤਾ ਦੀ ਲੜਾਈ ਨੇ ਭਾਜਪਾ ਲਈ ਲੋਕ ਸਭਾ ਚੋਣਾਂ 'ਚ ਚੰਗੀ ਕਾਰਗੁਜ਼ਾਰੀ ਕੀਤੀ ਸੀ। ਸੂਬਾ ਪੱਧਰੀ ਚੋਣਾਂ 'ਚ ਭਾਜਪਾ ਲਈ ਜਿੱਤ ਹਾਸਲ ਕਰਨੀ ਸੌਖੀ ਨਹੀਂ ਹੋਵੇਗੀ। ਮਮਤਾ ਹੋਰ ਖੇਤਰੀ ਨੇਤਾਵਾਂ ਵਰਗੀ ਨਹੀਂ ਹੈ। ਉਨ੍ਹਾਂ ਹੋਰ ਵਿਰੋਧੀ ਪਾਰਟੀਆਂ ਜਿਵੇਂ ਸੀ ਪੀ ਐੱਮ ਅਤੇ ਕਾਂਗਰਸ ਨੂੰ ਇਕ ਦਹਾਕੇ ਤੋਂ ਜ਼ੀਰੋ ਕਰ ਰੱਖਿਆ ਹੈ। ਉਹ ਗਲੀ-ਗਲੀ ਲੜਨ ਵਾਲੀ ਮੁੱਖ ਮੰਤਰੀ ਹੈ। ਪਿਛਲੇ ਲੱਗਭਗ 45 ਸਾਲਾਂ ਤੋਂ ਪੱਛਮੀ ਬੰਗਾਲ ਕੇਂਦਰ ਵਿਰੋਧੀ ਰਿਹਾ ਹੈ, ਜਿਸ ਨਾਲ ਮਮਤਾ ਬੈਨਰਜੀ ਨੂੰ ਮਦਦ ਮਿਲੇਗੀ।

2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਦੀ ਕਾਰਗੁਜ਼ਾਰੀ ਇੱਕ ਜੇਤੂ ਦੀ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬੰਗਾਲ ਵਿੱਚ ਭਾਜਪਾ ਚੰਗਾ ਕਰ ਸਕੀ ਸੀ। ਇਸ ਨੇ 42 ਲੋਕ ਸਭਾ ਸੀਟਾਂ 'ਚੋਂ 18 ਜਿੱਤੀਆਂ ਸਨ, ਜੋ ਸੱਤਾਧਾਰੀ ਟੀ ਐਮ ਸੀ ਤੋਂ ਚਾਰ ਸੀਟਾਂ ਘੱਟ ਸਨ। ਮਹੱਤਵ ਪੂਰਨ ਢੰਗ ਨਾਲ ਭਾਜਪਾ ਦਾ ਵੋਟ ਸ਼ੇਅਰ ਸੂਬੇ 'ਚ ਵਧਿਆ ਹੈ। ਇਸ ਤੋਂ ਪਹਿਲਾਂ 2011 'ਚ ਭਾਜਪਾ ਦਾ ਵੋਟ ਸ਼ੇਅਰ ਸਿਰਫ 2 ਫੀਸਦੀ ਸੀ। ਇਸ ਸੂਬੇ 'ਚ ਵਿਧਾਨ ਸਭਾ ਚੋਣਾਂ 'ਚ ਵੀ ਭਾਜਪਾ ਦੂਸਰੇ ਨੰਬਰ ਦੀ ਪਾਰਟੀ ਰਹੀ। 2016 ਦੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਅਤੇ ਸੀ ਪੀ ਐੱਮ ਨੇ ਰਲ ਕੇ ਲੜੀਆਂ ਸਨ ਅਤੇ ਉਨ੍ਹਾਂ ਨੇ 294 'ਚੋਂ 76 ਸੀਟਾਂ ਜਿੱਤੀਆਂ ਸਨ। ਵੋਟ ਸ਼ੇਅਰ ਦੇ ਮਾਮਲੇ 'ਚ ਦੋਵਾਂ ਪਾਰਟੀਆਂ ਦਾ ਹਿੱਸਾ ਲੱਗਭਗ 39 ਫੀਸਦੀ ਰਿਹਾ, ਪਰ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੋਵਾਂ ਪਾਰਟੀਆਂ 'ਚ ਫੁੱਟ ਪੈ ਗਈ ਅਤੇ ਵੱਖ-ਵੱਖ ਹੋ ਗਈਆਂ। ਇਸ ਵਾਰ ਸੀ ਪੀ ਐਮ ਦੀ ਸੈਂਟਰਲ ਕਮੇਟੀ ਨੇ ਸਾਰੀਆਂ ਧਰਮ ਨਿਰਪੱਖ ਪਾਰਟੀਆਂ, ਜਿਨ੍ਹਾਂ 'ਚ ਕਾਂਗਰਸ ਵੀ ਸ਼ਾਮਲ ਹੈ, ਨਾਲ ਚੋਣ ਗੱਠਜੋੜ ਦੀ ਸਹਿਮਤੀ ਪ੍ਰਗਟਾਈ ਹੈ।

2021 ਦੀਆਂ ਚੋਣਾਂ ਟੀ ਐਮ ਸੀ ਲਈ ਕਾਫੀ ਮੁਸ਼ਕਲਾਂ ਖੜ੍ਹੀਆਂ ਕਰ ਸਕਦੀਆਂ ਹਨ। ਭਾਜਪਾ ਲਈ ਇੱਕ ਫਾਇਦਾ ਇਹ ਹੈ ਕਿ ਉਹ ਅਣਕਿਆਸੀ ਚੁਣੌਤੀ ਦੇਣ ਵਾਲੀ ਪਾਰਟੀ ਹੈ। ਰਣਨੀਤੀ ਵਜੋਂ ਭਾਜਪਾ ਇਸ ਸਮੇਂ ਮਮਤਾ ਬੈਨਰਜੀ ਦੇ ਵਿਰੁੱਧ ਪ੍ਰਸ਼ਾਸਨ ਵਿਰੋਧੀ ਪਹਿਲੂ ਨੂੰ ਮਜ਼ਬੂਤ ਕਰਨ 'ਚ ਲੱਗੀ ਹੈ। ਇਸ ਤੋਂ ਇਲਾਵਾ ਇਹ ਹਿੰਦੂ ਵੋਟਾਂ ਨੂੰ ਹੋਰ ਵੀ ਮਜ਼ਬੂਤ ਬਣਾਉਣ 'ਚ ਜੁਟੀ ਹੋਈ ਹੈ। 2011 'ਚ ਮਮਤਾ ਬੈਨਰਜੀ ਦਾ 'ਪਰਿਵਰਤਨ' ਨਾਅਰਾ ਅੱਜ ਭਾਜਪਾ ਦਾ ਨਾਅਰਾ ਬਣ ਚੁੱਕਾ ਹੈ।

ਇਸ ਸਮੇਂ ਭਾਜਪਾ ਆਪਣਾ ਧਿਆਨ ਕੱਟ ਮਨੀ ਅਤੇ ਸਿੰਡੀਕੇਟ ਸੂਬੇ 'ਤੇ ਕੇਂਦਰਿਤ ਕਰ ਰਹੀ ਹੈ। ਟੀ ਐਮ ਸੀ ਦਾ ਭ੍ਰਿਸ਼ਟਾਚਾਰ ਦਾ ਮੁੱਦਾ ਭਾਜਪਾ ਮੁੱਖ ਮੁੱਦਾ ਬਣਾਉਣ ਵਾਲੀ ਹੈ। ਆਮਾਰ ਪਰਿਬਾਰ (ਮੇਰਾ ਪਰਵਾਰ), ਭਾਜਪਾ ਪਰਵਾਰ ਅੱਜਕੱਲ੍ਹ ਭਾਜਪਾ ਦਾ ਵਰਤਮਾਨ ਨਾਅਰਾ ਹੈ। ਭਾਜਪਾ ਦਾ ਟੀਚਾ ਨੌਜਵਾਨ ਵਰਗ ਨੂੰ ਭਰਮਾਉਣ ਦਾ ਹੈ ਤੇ ਇਸ ਲਈ ਉਹ ਸੋਸ਼ਲ ਮੀਡੀਆ ਮੁਹਿੰਮ 'ਰੀਬੂਟ ਕੋਲਕਾਤਾ' ਚਲਾਉਣ ਜਾ ਰਹੀ ਹੈ, ਜਿਸ ਤਹਿਤ ਕੋਲਕਾਤਾ ਸ਼ਹਿਰ ਨੂੰ ਉਸਦੀ ਸ਼ਾਨਦਾਨ ਸ਼ਾਨੋ-ਸ਼ੌਕਤ ਬਾਰੇ ਦੱਸਣਾ ਹੈ। ਮਮਤਾ ਬੈਨਰਜੀ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦਾ ਵਿਕਾਸਸ਼ੀਲ ਮੁੱਖ ਮੰਤਰੀ ਦਾ ਅਕਸ ਹੈ। ਉਨ੍ਹਾਂ ਗਰੀਬ ਪਰਵਾਰਾਂ ਦੀਆਂ ਲੜਕੀਆਂ ਨੂੰ ਸਾਈਕਲ ਵੰਡੇ, ਘੱਟ ਕੀਮਤ ਉੱਤੇ ਚੌਲ ਵੰਡੇ ਅਤੇ ਸੜਕਾਂ ਆਦਿ ਦਾ ਵਿਕਾਸ ਕੀਤਾ। ਲਾਕਡਾਊਨ ਦੌਰਾਨ ਮਮਤਾ ਨੇ ਵੋਟਰਾਂ, ਵਰਕਰਾਂ ਅਤੇ ਵਿਸ਼ੇਸ਼ ਬੰਗਾਲੀ ਲੋਕਾਂ ਨਾਲ ਬੈਠਕਾਂ ਕੀਤੀਆਂ। ਇਹ ਸਾਰੀਆਂ ਗੱਲਾਂ ਅਤੇ ਵਿਕਾਸ ਦੀ ਸਕੀਮ ਮਮਤਾ ਲਈ ਮਦਦਗਾਰ ਸਾਬਤ ਹੋ ਸਕਦੀਆਂ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਐਲਾਨ ਕਿ ਵਿਵਾਦਿਤ ਸੀ ਏ ਏ ਬੰਗਾਲ 'ਚ ਵਿਧਾਨ ਸਭਾ ਚੋਣਾਂ ਤੋਂ ਲਾਗੂ ਕਰ ਦਿੱਤਾ ਜਾਵੇਗਾ, ਨੇ ਮਮਤਾ ਨੂੰ ਹੋਰ ਸਾਵਧਾਨ ਕਰ ਦਿੱਤਾ ਹੈ।

ਟੀ ਐਮ ਸੀ ਦੀ ਯੋਜਨਾ ਸੀ ਏ ਏ ਅਤੇ ਐਨ ਆਰ ਸੀ ਵਿਰੁੱਧ ਬਹੁਪੱਖੀ ਅੰਦੋਲਨ ਕਰਨ ਦੀ ਹੈ। ਟੀ ਐਮ ਸੀ, ਲੈਫਟ ਅਤੇ ਕਾਂਗਰਸ ਇਕੱਠੀਆਂ ਹੋ ਸਕਦੀਆਂ ਹਨ ਅਤੇ ਪੱਛਮੀ ਬੰਗਾਲ ਵਿਧਾਨ ਸਭਾ 'ਚ ਐਨ ਆਰ ਸੀ ਵਿਰੁੱਧ ਇੱਕ ਮਤਾ ਪਾਸ ਕਰਵਾ ਸਕਦੀਆਂ ਹਨ। ਮਮਤਾ ਦੀ ਘੱਟ ਗਿਣਤੀਆਂ 'ਤੇ ਕਾਫੀ ਪਕੜ ਹੈ, ਜੋ ਆਬਾਦੀ ਦਾ 28 ਫੀਸਦੀ ਹਿੱਸਾ ਰੱਖਦੇ ਹਨ। ਇਸਦਾ ਸਬੰਧ 70 ਤੋਂ 80 ਸੀਟਾਂ ਦਾ ਹੈ। ਫਿਰਕੂ ਆਧਾਰ 'ਤੇ ਭਾਜਪਾ ਦੀ ਯੋਜਨਾ ਵੋਟਾਂ ਦਾ ਧਰੁਵੀਕਰਨ ਕਰਨ ਦੀ ਹੈ। ਮਮਤਾ ਘੱਟ ਗਿਣਤੀ ਵੋਟਾਂ ਦੇ ਦੋਫਾੜ ਹੋਣ ਦੇ ਵਿਰੁੱਧ ਸੀ।


ਏ ਆਈ ਐਮ ਆਈ ਐਮ, ਜਿਸ ਨੇ ਬਿਹਾਰ ਵਿੱਚ 5 ਸੀਟਾਂ ਜਿੱਤੀਆਂ ਹਨ, ਵੀ ਪੱਛਮੀ ਬੰਗਾਲ 'ਚ ਚੋਣ ਲੜ ਸਕਦੀ ਅਤੇ ਮੁਸਲਿਮ ਵੋਟਾਂ ਨੂੰ ਕੱਟ ਸਕਦੀ ਹੈ। ਪੱਛਮੀ ਬੰਗਾਲ ਚੋਣਾਂ ਦੇ ਝਰੋਖੇ ਬਾਰੇ ਭਵਿੱਖਬਾਣੀ ਕਰਨੀ ਜਲਬਾਜ਼ੀ ਹੋਵੇਗੀ ਕਿਉਂਕਿ ਚੋਣਾਂ ਦੌਰਾਨ ਹੀ ਸਪੱਸ਼ਟਤਾ ਉਭਰੇਗੀ ਪਰ ਹਿੰਸਾ ਹੋ ਸਕਦੀ ਹੈ। ਮਹੱਤਵਪੂਰਨ ਮੁੱਦਾ ਇਹ ਰਹੇਗਾ ਕਿ ਜਨਤਾ ਕੋਵਿਡ ਨੂੰ ਕੰਟਰੋਲ ਕਰਨ ਦੀ ਮਮਤਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਧਿਆਨ ਦੇਵੇਗੀ। ਕੋਵਿਡ ਮਹਾਮਾਰੀ ਇੱਕ ਗਰਮ ਮੁੱਦਾ ਰਹੇਗਾ। 2019 ਦੀਆਂ ਲੋਕ ਸਭ ਚੋਣਾਂ ਪਿੱਛੋਂ ਭਾਜਪਾ ਨੇ ਕਿਸੇ ਵੀ ਸੂਬੇ 'ਚ ਜਿੱਤ ਪ੍ਰਾਪਤ ਨਹੀਂ ਕੀਤੀ।

ਮੱਧ ਪ੍ਰਦੇਸ਼ 'ਚ ਭਾਜਪਾ ਲਈ ਸੂਰਜ ਦੀ ਕਿਰਨ ਦਿਖਾਈ ਦਿੱਤੀ, ਜਦੋਂ ਇਸ ਨੇ ਕਮਲਨਾਥ ਸਰਕਾਰ ਨੂੰ ਡੇਗ ਕੇ ਸੂਬੇ 'ਚ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਅਗਵਾਈ 'ਚ ਭਾਜਪਾ ਸਰਕਾਰ ਸਥਾਪਤ ਕੀਤੀ। ਇਸ ਕਾਰਨ ਬਿਹਾਰ ਚੋਣਾਂ ਨੂੰ ਜਿੱਤਣਾ ਪਾਰਟੀ ਲਈ ਬਹੁਤ ਜ਼ਿਆਦਾ ਮਹੱਤਵ ਪੂਰਨ ਸੀ ਅਤੇ ਬੰਗਾਲ ਨੂੰ ਜਿੱਤਣ ਦਾ ਮਤਲਬ ਇਸਦਾ ਪੂਰਬ ਵੱਲ ਜਾਣ ਵਾਲਾ ਵਿਸਥਾਰ ਹੋਵੇਗਾ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਆਪੋ-ਆਪਣੀ ਸੋਚ

-ਪ੍ਰੀਤਮਾ ਦੋਮੇਲ

ਤਿੰਨ ਕੁ ਸਾਲ ਪਹਿਲਾਂ ਜਦੋਂ ਮੇਰੇ ਪੁੱਤਰ ਦੀ ਨਿਯੁਕਤੀ ਚੰਡੀਮੰਦਰ ਸੀ ਤਾਂ ਅਸੀਂ ਸਾਰੇ ਆਪਣੇ ਮੁਹਾਲੀ ਵਾਲੇ ਘਰ ਰਹਿੰਦੇ ਸਾਂ। ਆਸੇ ਪਾਸੇ ਦੇ ਸਾਰੇ ਘਰਾਂ ਦੇ ਆਪੋ-ਆਪਣੇ ਦੁੱਧ ਵਾਲੇ ਸਨ, ਜੋ ਨੇੜੇ-ਤੇੜੇ ਦੇ ਪਿੰਡਾਂ ਤੋਂ ਆਉਂਦੇ ਸਨ। ਅਸੀਂ ਵੀ ਇੱਕ ਦੁੱਧ ਵਾਲੇ ਕੋਲੋਂ ਰੋਜ਼ 4 ਕਿਲੋ ਦੁੱਧ ਲੈਂਦੇ ਸਾਂ। ਘਰ ਵਿੱਚ ਛੋਟਾ ਬੱਚਾ ਸੀ, ਫਿਰ ਦਹੀਂ-ਲੱਸੀ, ਚਾਹ, ਦੁੱਧ ਤੇ ਆਇਆ ਗਿਆ, ਇੰਨਾ ਕੁ ਦੁੱਧ ਲੱਗ ਹੀ ਜਾਂਦਾ ਸੀ। ਫਿਰ ਪੁੱਤਰ ਦੀ ਬਦਲੀ ਨਾਗਾਲੈਂਡ ਦੀ ਹੋ ਗਈ ਤੇ ਉਹ ਆਪਣੇ ਪਰਵਾਰ ਨੂੰ ਉਥੇ ਲੈ ਗਿਆ ਤੇ ਮੈਂ ਇੱਕ ਕਿਲੋ ਦੁੱਧ ਲੈਣ ਲੱਗ ਪਈ। ਜਦ ਕਦੇ ਪੇਕੇ ਚਲੀ ਜਾਂਦੀ ਤਾਂ ਉਹ ਵੀ ਬੰਦ ਕਰ ਦਿੰਦੀ। ਕਦੇ ਕਿਸੇ ਸਮਾਗਮ ਵਿੱਚ ਪਟਿਆਲੇ ਜਾਂ ਲੁਧਿਆਣੇ ਜਾਂਦੀ ਤਾਂ ਵੀ ਦੁੱਧ ਨਾ ਲੈਂਦੀ। ਦੁੱਧ ਵਾਲੇ ਨੂੰ ਇਹ ਬਿਲਕੁਲ ਪਸੰਦ ਨਹੀਂ ਸੀ। ਉਹ ਕੁੜ-ਕੁੜ ਕਰਦਾ। ਫਿਰ ਮੈਂ ਦੁੱਧ ਵਾਲਾ ਬਦਲ ਲਿਆ, ਪਰ ਸਮੱਸਿਆ ਉਹੀ। ਦੂਸਰਾ, ਤੀਸਰਾ, ਚੌਥਾ, ਦੁੱਧ ਵਾਲੇ ਬਦਲਦੇ ਰਹੇ। ਅਖੀਰ ਦੁੱਧ ਵਾਲਿਆਂ ਨੇ ਆਪਸ ਵਿੱਚ ਮਿਲ ਕੇ ਅਣਲਿਖਤ ਜਿਹਾ ਸਮਝੌਤਾ ਕਰਕੇ ਮੈਨੂੰ ਦੁੱਧ ਦੇਣਾ ਬੰਦ ਕਰ ਦਿੱਤਾ। ਮੈਂ ਮਾਰਕੀਟ ਤੋਂ ਜਾ ਕੇ ਪੈਕਟਾਂ ਵਾਲਾ ਦੁੱਧ ਲੈਣ ਲੱਗ ਪਈ। ਠੀਕ ਹੋਇਆ, ਮੇਰੀ ਇੱਕ-ਦੋ ਕਿਲੋਮੀਟਰ ਦੀ ਸੈਰ ਹੋ ਜਾਂਦੀ। ਸਟਾਲ ਤੋਂ ਆਪਣੀ ਮਰਜ਼ੀ ਦੇ ਦੋ ਚਾਰ ਅਖ਼ਬਾਰ ਵੀ ਖ਼ਰੀਦ ਲਿਆਉਂਦੀ।

ਪਿਛਲੇ ਸਾਲ ਮੇਰੇ ਘਰ ਵਿੱਚ ਨਵੇਂ ਕਿਰ-ਾਏਦਾਰ ਆ ਗਏ। ਉਨ੍ਹਾਂ ਦੇ ਪਿੰਡ ਦਾ ਦੁੱਧ ਵਾਲਾ ਉਨ੍ਹਾਂ ਨੂੰ ਦੁੱਧ ਦੇ ਜਾਂਦਾ। ਉਹ 3-4 ਕਿਲੋ ਦੁੱਧ ਲੈਂਦੇ ਸਨ। ਮੈਂ ਵੀ ਉਸ ਕੋਲੋਂ ਇੱਕ ਕਿਲੋ ਦੁੱਧ ਲੈਣ ਲੱਗ ਪਈ। ਇੱਕ ਦਿਨ ਮੈਂ ਨੋਟ ਕੀਤਾ ਕਿ ਦੁੱਧ ਵਾਲਾ ਉਨ੍ਹਾਂ ਦੇ ਡੋਲ੍ਹ ਵਿੱਚ ਦੁੱਧ ਪਾ ਕੇ ਉਪਰੋਂ ਕੁਝ ਕੁ ਦੁੱਧ ਫਾਲਤੂ ਪਾ ਦਿੰਦਾ, ਪਰ ਮੇਰੇ ਪਤੀਲੇ ਵਿੱਚ ਉਹ ਕਿਲੋ ਦੇ ਮਾਪ ਨੂੰ ਵੀ ਊਣਾ ਜਿਹਾ ਪਾ ਕੇ ਤੁਰ ਜਾਂਦਾ। ਇਹ ਵਿਤਕਰਾ ਦੇਖ ਕੇ ਮੈਨੂੰ ਬੜਾ ਅਜੀਬ ਲੱਗਿਆ। ਮੈਂ ਫਿਰ ਇੱਕ ਦਿਨ ਕਹਿ ਹੀ ਦਿੱਤਾ। ਉਹ ਹੱਸ ਕੇ ਚੁੱਪ ਕਰ ਗਿਆ, ਪਰ ਦੁੱਧ ਦਾ ਹਿਸਾਬ ਉਹੀ ਰੱਖਿਆ।

ਇਸੇ ਸਾਲ ਮੈਂ ਆਪਣੇ ਪੁੱਤਰ ਕੋਲ ਅਲਾਹਾਬਾਦ ਜਾਣਾ ਸੀ। ਉਦੋਂ ਅਜੇ ਕੋਰੋਨਾ ਮਹਾਮਾਰੀ ਦਾ ਜ਼ਿਕਰ ਦੂਜੇ ਦੇਸ਼ਾਂ ਦੀਆਂ ਖ਼ਬਰਾਂ ਵਿੱਚ ਹੁੰਦਾ ਸੀ। ਮੈਂ ਦੋ ਕੁ ਮਹੀਨਿਆਂ ਲਈ ਜਾਣਾ ਸੀ। ਰਾਤ ਸਭ ਦਾ ਹਿਸਾਬ-ਕਿਤਾਬ ਕਰ ਲਿਆ। ਧੋਬੀ, ਕੰਮ ਵਾਲੀ, ਕਰਿਆਨੇ ਵਾਲਾ, ਅਖ਼ਬਾਰ ਤੇ ਦੁੱਧ ਵਾਲਾ, ਸਭ ਦੇ ਰੁਪਏ ਵੱਖ-ਵੱਖ ਲਿਫ਼ਾਫ਼ਿਆਂ ਵਿੱਚ ਪਾ ਕੇ ਉਪਰ ਉਨ੍ਹਾਂ ਦੇ ਨਾਂ ਲਿਖ ਕੇ ਰੱਖ ਦਿੱਤੇ ਤਾਂ ਕਿ ਸਵੇਰੇ ਜਲਦੀ ਉਨ੍ਹਾਂ ਦੀ ਅਦਾਇਗੀ ਹੋ ਜਾਏ। ਮੇਰੀ ਟਰੇਨ ਦਾ ਟਾਈਮ ਸ਼ਾਮ ਦਾ ਸੀ।

ਅਗਲੇ ਦਿਨ ਸਵੇਰੇ ਸਭ ਦਾ ਭੁਗਤਾਨ ਹੋ ਗਿਆ। ਜਦ ਮੈਂ ਦੁੱਧ ਵਾਲੇ ਦੇ ਪੈਸੇ ਦੇ ਦਿੱਤੇ ਤਾਂ ਉਸ ਨੇ ਕਿਹਾ, "ਹੁਣੇ ਜਾਣਾ ਹੈ।" ਮੈਂ ਕਿਹਾ, "ਨਹੀਂ ਸ਼ਾਮੀ।" ਉਹ ਪੈਸੇ ਲੈ ਕੇ ਚਲਾ ਗਿਆ। ਜਦ ਮੈਂ ਕਿਚਨ ਵਿੱਚ ਆਈ ਤਾਂ ਪ੍ਰੇਸ਼ਾਨ ਹੋ ਗਈ, ਅੱਜ ਤਾਂ ਦੁੱਧ ਲਿਆ ਹੀ ਨਹੀਂ, ਚਾਹ ਕਾਹਦੀ ਬਣਾਵਾਂਗੀ। ਫਿਰ ਮੈਂ ਪੂਰਾ ਦਿਨ ਰਹਿਣਾ ਹੈ, ਕੋਈ ਨਾ ਕੋਈ ਮਿਲਣ ਵਾਲਾ ਵੀ ਆ ਸਕਦਾ ਹੈ। ਸੋਚਦੀ ਹੋਈ ਬਾਹਰ ਆਈ, ਸ਼ਾਇਦ ਕੋਈ ਹੋਰ ਦੁੱਧ ਵਾਲਾ ਮਿਲ ਜਾਏ। ਸਾਹਮਣੇ ਵਾਲਿਆਂ ਦਾ ਦੁੱਧ ਵਾਲਾ ਨਜ਼ਰ ਆ ਗਿਆ। ਉਹ ਆਪੇ ਮੇਰੇ ਕੋਲ ਆ ਕੇ ਬੋਲਿਆ, "ਦੁੱਧ ਚਾਹੀਦਾ?" ਛੋਟਾ ਮੁੰਡਾ ਸੀ, ਪੜ੍ਹਨ ਵਾਲਾ ਬੱਚਾ ਲਗਦਾ ਸੀ। ਆਪਣੇ ਬਾਪ ਦੀ ਜਗ੍ਹਾ ਆਇਆ ਜਾਪਦਾ ਸੀ। ਮੈਂ ਝਕਦੇ ਹੋਏ ਕਿਹਾ, "ਹਾਂ, ਬਸ ਅੱਧਾ ਕੁ ਕਿਲੋ ਚਾਹੀਦਾ ਹੈ।" ਬਰਤਨ ਮੇਰੇ ਕੋਲ ਸੀ, ਉਸਨੇ ਤਕਰੀਬਨ ਪੌਣਾ ਕਿਲੋ ਦੁੱਧ ਪਾ ਦਿੱਤਾ। ਮੈਂ ਕਿਹਾ, "ਕਾਕਾ ਰੁਕੀਂ ਜ਼ਰਾ, ਮੈਂ ਅੰਦਰੋਂ ਪੈਸੇ ਲੈ ਆਵਾਂ।" ਉਹ ਬੋਲਿਆ, "ਕੋਈ ਗੱਲ ਨਹੀਂ।" ਮੈਂ ਕਿਹਾ, "ਮਾਂ ਕੱਲ੍ਹ ਇੱਥੇ ਨਹੀਂ ਹੋਣਾ, ਵਰਨਾ ਕੱਲ੍ਹ ਦੇ ਦਿੰਦੀ।" ਉਹ ਹੱਸ ਕੇ ਬੋਲਿਆ, "ਮੈਨੂੰ ਪਤਾ ਹੈ, ਸਾਹਮਣੇ ਵਾਲੀ ਆਂਟੀ ਨੇ ਮੈਨੂੰ ਦੱਸ ਦਿੱਤਾ ਹੈ। ਬਾਕੀ ਮੈਂ ਪੈਸੇ ਤੁਹਾਡੇ ਕੋਲੋਂ ਲੈਣੇ ਵੀ ਨਹੀਂ।" "ਕਿਉਂ ਬਈ, ਮੈਂ ਤਾਂ ਦੁੱਧ ਤੁਹਾਡੇ ਕੋਲੋਂ ਲੈਂਦੀ ਵੀ ਨਹੀਂ ਹਾਂ। ਫਿਰ ਇਹ ਮਿਹਰਬਾਨੀ ਕਿਉਂ?"

ਉਹ ਹੌਲੀ ਜਿਹੀ ਬੋਲਿਆ, "ਆਂਟੀ ਜੀ, ਗੱਲ ਦੁੱਧ ਦੀ ਨਹੀਂ। ਮੈਨੂੰ ਪਤਾ ਹੈ, ਸਾਰੇ ਦੁੱਧ ਵਾਲੇ ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕਰਦੇ ਨੇ। ਮੈਨੂੰ ਮੇਰੇ ਡੈਡੀ ਨੇ ਸਾਰਾ ਕੁਝ ਦੱਸਿਆ ਹੋਇਐ ਪਰ ਇਹ ਉਨ੍ਹਾਂ ਦੀ ਸੋਚਣੀ ਦੀ ਗੱਲ ਹੈ। ਖੁਦ ਉਹ ਭਾਵੇਂ ਦੁੱਧ ਵਿੱਚ ਪਾਣੀ ਮਿਲਾਉਣ, ਮੱਝਾਂ-ਗਾਵਾਂ ਨੂੰ ਟੀਕੇ ਲਾਉਣ, ਉਸ ਵੱਲ ਧਿਆਨ ਨਹੀਂ ਦਿੰਦੇ, ਪਰ ਜੇ ਕੋਈ ਕੱਲਾ-ਕਾਰਾ ਬੰਦਾ ਘੱਟ-ਵੱਧ ਦੁੱਧ ਲੈ ਲਵੇ ਜਾਂ ਕਿਸੇ ਦਿਨ ਨਾ ਲਵੇ ਤਾਂ ਉਸ ਨੂੰ ਫਿਰ ਦੁੱਧ ਹੀ ਨਹੀਂ ਦਿੰਦੇ। ਚਲੋ, ਆਂਟੀ ਤੁਸੀਂ ਕਿਸੇ ਦੀ ਸੋਚ ਨਹੀਂ ਬਦਲ ਸਕਦੇ। ਇਹ ਦੁੱਧ ਤੁਹਾਡੇ ਨਾਲ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਜ਼ਿਆਦਤੀਆਂ ਦਾ ਮੁਆਫ਼ੀਨਾਮਾ ਹੈ। ਮੈਨੂੰ ਪੈਸੇ ਨਹੀਂ ਚਾਹੀਦੇ! ਤੁਸੀਂ ਸਾਡੀ ਦੁੱਧ ਵਾਲੀ ਬਿਰਾਦਰੀ ਨੂੰ ਮੁਆਫ਼ ਕਰ ਦੇਣਾ।" ਕਹਿ ਕੇ ਉਹ ਸਾਈਕਲ ਨੂੰ ਪੈਡਲ ਮਾਰ ਕੇ ਚਲਾ ਗਿਆ।

ਮੈਂ ਕਿੰਨੀ ਦੇਰ ਉਥੇ ਖੜ੍ਹੀ ਸੋਚਦੀ ਰਹੀ। ਉਸ ਛੋਟੇ ਜਿਹੇ ਮੁੰਡੇ ਦੀ ਗੱਲ ਕਿੰਨੀ ਸਹੀ ਸੀ! ਉਹਨੇ ਠੀਕ ਹੀ ਕਿਹਾ ਸੀ: ਸਭ ਦੀ ਆਪੋ-ਆਪਣੀ ਸੋਚ ਹੁੰਦੀ ਹੈ ਤੇ ਉਸ ਸੋਚ ਨੂੰ ਕੋਈ ਨਹੀਂ ਬਦਲ ਸਕਦਾ।

# ਕੇਂਦਰ ਵੱਲੋਂ ਕੀਤੀ ਆਰਥਿਕ ਨਾਕਾਬੰਦੀ ਕਾਰਨ ਪੰਜਾਬ ਸੰਕਟ 'ਚ ਫਸਿਆ

ਚੰਡੀਗੜ੍ਹ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨਾਂ ਕਾਰਨ ਵਿੱਢੇ ਤਿੱਖੇ ਸੰਘਰਸ਼ ਨੂੰ ਔਝੜੇ ਪਾਉਣ ਲਈ ਮੋਦੀ ਸਰਕਾਰ ਵੱਲੋਂ ਪੰਜਾਬ ਦੀ ਆਰਥਿਕ ਨਾਕਾਬੰਦੀ ਕਾਰਨ ਰਾਜ ਡੂੰਘੇ ਵਿੱਤੀ ਸੰਕਟ 'ਚ ਧੱਸਦਾ ਜਾਪਦਾ ਹੈ। ਢੋਆ-ਢੁਆਈ ਦੇ ਸਭ ਤੋਂ ਸਸਤੇ ਤੇ ਸੌਖੇ ਸਾਧਨ ਮਾਲ ਗੱਡੀਆਂ ਦੀ ਪਿਛਲੇ ਕਰੀਬ ਡੇਢ ਮਹੀਨੇ ਤੋਂ ਪੰਜਾਬ 'ਚ ਆਵਾਜਾਈ ਬੰਦ ਹੋਣ ਕਾਰਨ ਸਨਅਤੀ ਤੇ ਵਪਾਰਕ ਸਰਗਰਮੀ ਠੱਪ ਹੋ ਗਈ ਹੈ। ਫ਼ਸਲਾਂ ਦੀ ਬਿਜਾਈ ਲਈ ਖਾਦ ਤੇ ਨਦੀਨ ਨਾਸ਼ਕਾਂ ਦੀ ਸਪਲਾਈ ਵੀ ਬੰਦ ਹੈ।



ਇਸ ਦੌਰਾਨ ਦਾਲਾਂ ਅਤੇ ਹੋਰ ਖਾਣ ਵਾਲੀਆਂ ਵਸਤਾਂ ਦੀ ਸਪਲਾਈ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਕੋਲਾ ਬਾਹਰੋਂ ਨਾ ਆਉਣ ਕਾਰਨ ਇਸ ਰਾਜ ਦੇ ਥਰਮਲ ਪਲਾਂਟਾਂ 'ਚ ਬਿਜਲੀ ਪੈਦਾਵਾਰ ਬੰਦ ਹੈ ਅਤੇ ਰਾਜਪੁਰਾ ਤੇ ਤਲਵੰਡੀ ਸਾਬੋ ਦੇ ਥਰਮਲ ਪਲਾਂਟਾਂ ਤੋਂ ਸਵਾ 3 ਰੁਪਏ ਪ੍ਰਤੀ ਯੂਨਿਟ ਮਿਲਣ ਵਾਲੀ ਸਸਤੀ ਬਿਜਲੀ ਮਿਲ ਨਹੀਂ ਰਹੀ ਪਰ ਸਮਝੌਤੇ ਮੁਤਾਬਿਕ ਪੱਕੇ ਖ਼ਰਚੇ ਦੇਣ ਲਈ ਸਰਕਾਰ ਵਚਨਬੱਧ ਹੈ ਤੇ ਇਸ ਨਾਲ ਕਰੋੜਾਂ ਰੁਪਏ ਦਾ ਬੋਝ ਪੈ ਰਿਹਾ ਹੈ। ਇਸ ਵੇਲੇ ਸਰਕਾਰੀ ਅੰਕੜਿਆਂ ਮੁਤਾਬਿਕ ਇਕੱਲੀ ਹੌਜ਼ਰੀ ਸਨਅਤ ਦਾ 8500 ਕਰੋੜ ਰੁਪਏ ਦਾ ਤਿਆਰ ਮਾਲ ਫਸਿਆ ਪਿਆ ਹੈ। ਪੰਜਾਬ ਨੂੰ ਸਨਅਤੀ ਤੇ ਵਪਾਰਕ ਸਰਗਰਮੀ ਮੱਠੀ ਪੈਣ ਕਾਰਨ ਜੀ ਐਸ ਟੀ ਵਸੂਲੀ ਵੀ ਘਟਣ ਦਾ ਖਦਸ਼ਾ ਹੈ। ਕਣਕ ਤੇ ਹੋਰ ਫ਼ਸਲਾਂ ਲਈ ਲੋੜੀਂਦੀ ਖਾਦ ਦਾ ਸੰਕਟ ਵਧ ਰਿਹਾ ਹੈ। ਕੇਂਦਰ ਸਰਕਾਰ ਨੇ ਝੋਨੇ ਦੀ ਖ਼ਰੀਦ ਉਪਰ ਲੱਗਾ 3 ਫ਼ੀਸਦੀ ਪੇਂਡੂ ਵਿਕਾਸ ਫੰਡ ਦਾ ਬਣਦਾ 1000 ਕਰੋੜ ਰੁਪਏ ਦੇ ਕਰੀਬ ਪੈਸਾ ਵੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਪੰਜਾਬ ਨੂੰ ਹੋ ਰਹੇ ਵਿੱਤੀ ਨੁਕਸਾਨ ਦਾ ਅੰਕੜਾ ਹਾਲੇ ਤੱਕ ਕਿਸੇ ਨੇ ਇਕੱਠਾ ਨਹੀਂ ਕੀਤਾ ਪਰ ਵੱਖ-ਵੱਖ ਆਰਥਿਕ ਮਾਹਿਰਾਂ ਵੱਲੋਂ ਲਾਏ ਅੰਦਾਜ਼ਿਆਂ ਮੁਤਾਬਿਕ ਅੱਜ ਤੱਕ ਹੋਇਆ ਨੁਕਸਾਨ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਮੰਨਿਆ ਜਾ ਰਿਹਾ ਹੈ। ਕਿਸਾਨ ਸੰਘਰਸ਼ ਪ੍ਰਤੀ ਕੇਂਦਰ ਸਰਕਾਰ ਦੇ ਰੁੱਖੇ ਅਤੇ ਅੜੀਅਲ ਵਤੀਰੇ ਕਾਰਨ ਪੰਜਾਬ ਸੰਕਟ 'ਚ ਗ੍ਰਸਿਆ ਜਾ ਰਿਹਾ ਹੈ, ਪਰ ਕੈਪਟਨ ਸਰਕਾਰ ਖੇਤੀ ਕਾਨੂੰਨਾਂ ਵਿਰੁੱਧ ਬਿਆਨ ਦੇ ਕੇ ਸੁਰਖਰੂ ਹੋਈ ਬੈਠੀ ਹੈ। ਕਿਸਾਨਾਂ ਅਤੇ ਕੇਂਦਰ 'ਚ ਟਕਰਾਅ ਨੇ ਰਾਜ ਵਿੱਚ ਬਾਹਰਲੀਆਂ ਕੰਪਨੀਆਂ ਵੱਲੋਂ ਪੂੰਜੀ ਨਿਵੇਸ਼ ਨੂੰ ਬਰੇਕਾਂ ਲਾ ਦਿੱਤੀਆਂ ਹਨ। ਪੂੰਜੀ ਨਿਵੇਸ਼ ਲਈ ਸਭ ਤੋਂ ਮੁਢਲੀ ਸ਼ਰਤ ਸੁਖਾਵੇਂ ਮਾਹੌਲ ਦੀ ਹੁੰਦੀ ਹੈ ਤੇ ਉਹ ਵਪਾਰ ਤੇ ਸਨਅਤ ਲਈ ਇਸ ਵੇਲੇ ਬਿਲਕੁਲ ਵੀ ਸਾਜ਼ਗਾਰ ਨਹੀਂ ਤੇ ਰਾਜ ਸਰਕਾਰ ਦੇ ਵਤੀਰੇ ਬਾਰੇ ਆਰਥਿਕ ਮਾਹਿਰ ਤੇ ਨਿਵੇਸ਼ਕ ਹੈਰਾਨ ਹਨ ਕਿ ਉਨ੍ਹਾਂ ਨੂੰ ਕੋਈ ਚਿੰਤਾ ਹੀ ਨਹੀਂ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਪਾੜਨ ਦਾ ਮੁੱਦਾ ਭਖਿਆ

*** ਮੋਦੀ ਦੀ ਫੋਟੋ ਵਾਲਾ ਫਲੈਕਸ ਵੀ ਗੈਰ ਕਾਨੂੰਨੀ ਨਿਕਲਿਆ**

ਪਟਿਆਲਾ, 18 ਨਵੰਬਰ (ਪੋਸਟ ਬਿਊਰੋ)- ਪੰਜਾਬ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਪਟਿਆਲੇ ਵਿੱਚ ਫਲੈਕਸ 'ਤੇ ਛਪੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਪਾੜੇ ਜਾਣ ਦਾ ਮਾਮਲਾ ਭਖ ਗਿਆ ਹੈ। ਇਸ ਬਾਰੇ ਭਾਜਪਾ ਦੀ ਪਟਿਆਲਾ ਸ਼ਹਿਰੀ ਯੂਨਿਟਵੱਲੋਂਜ਼ਿਲ੍ਹਾ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਹਰਿੰਦਰ ਸਿੰਘ ਕੋਹਲੀ ਅਤੇ ਭਾਜਪਾ ਦੇ ਸੂਬਾ ਸੈਕਟਰੀ ਬੀਬੀ ਸੁਖਵਿੰਦਰ ਕੌਰ ਨੌਲੱਖਾ ਨੇਜ਼ਿਲ੍ਹਾ ਪੁਲਸ ਮੁਖੀ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ।



ਇਸ ਮਾਮਲੇ ਦੀ ਪੜਤਾਲ ਉੱਤੇ ਇਹ ਗੱਲ ਨਿਕਲੀ ਹੈ ਕਿ ਫੁਹਾਰਾ ਚੌਕ ਵਿੱਚ ਦੀਵਾਲੀ ਦੀ ਵਧਾਈ ਦੇ ਲਈ ਜਿਹੜਾ ਫਲੈਕਸ ਬੋਰਡ ਲਾਇਆ ਗਿਆ ਸੀ, ਉਸ ਦੀ ਨਗਰ ਨਿਗਮ ਜਾਂ ਕਿਸੇ ਹੋਰ ਅਥਾਰਟੀ ਤੋਂ ਪ੍ਰਵਾਨਗੀ ਨਹੀਂ ਲਈ ਗਈ ਸੀ, ਇਸ ਲਈ ਇਹ ਕੇਸ ਪੁਲਸ ਲਈ ਪੇਚੀਦਾ ਬਣ ਗਿਆ ਕਿ ਗੈਰ ਕਾਨੂੰਨੀ ਬੋਰਡ ਦੀ ਕਿਵੇਂ ਜਾਂਚ ਕਰੇਗੀ। ਪਤਾ ਲੱਗਾ ਹੈ ਕਿ ਇਹ ਵਿਵਾਦਤ ਫਲੈਕਸ ਬੋਰਡ ਭਾਜਪਾ ਦੇ ਜ਼ਿਲ੍ਹਾ ਦਫਤਰ ਸੈਕਗਰੀ ਅਜੈ ਗੋਇਲ ਨੇ ਲਾਇਆ ਸੀ, ਜਿਸ ਵਿੱਚ ਦੀਵਾਲੀ ਅਤੇ ਹੋਰ ਤਿਉਹਾਰਾਂ ਦੀ ਵਧਾਈ ਸੰਦੇਸ਼ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੱਡੇ ਆਕਾਰ ਦੀ ਫੋਟੋ ਵੀ ਸੀ। ਕਿਸੇ ਸ਼ਰਾਰਤੀ ਨੇ ਦੀਵਾਲੀ ਵਾਲੀ ਰਾਤ ਇਸ ਉੱਤੇ ਛਪੀ ਪ੍ਰਧਾਨ ਮੰਤਰੀ ਦੀ ਫੋਟੋ ਪਾੜ ਦਿੱਤੀ ਸੀ। ਹਰਿੰਦਰ ਕੋਹਲੀ ਨੇ ਮੰਗ ਕੀਤੀ ਕਿ ਮੁਲਜ਼ਮਾਂ ਨੂੰ ਲੱਭ ਕੇ ਉਨ੍ਹਾਂ 'ਤੇ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਜਾਵੇ।ਜ਼ਿਲ੍ਹਾ ਪੁਲਸ ਮੁਖੀ ਨੇ ਭਾਜਪਾ ਵਫਦ ਨੂੰ ਭਰੋਸਾ ਦਿੱਤਾ ਕਿ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਅਜੈ ਗੋਇਲ ਨੇ ਮੰਨਿਆ ਕਿ ਇਸ ਫਲੈਕਸ ਬਾਰੇ ਨਗਰ ਨਿਗਮ ਜਾਂ ਕਿਸੇ ਹੋਰ ਅਥਾਰਟੀ ਤੋਂ ਪ੍ਰਵਾਨਗੀ ਨਹੀਂ ਲਈ ਹੋਈ ਸੀ।

# ਐਕਸਾਈਜ਼ ਮਹਿਕਮੇ ਦੇ 3 ਈ ਟੀ ਓਜ਼, 1 ਇੰਸਪੈਕਟਰ ਅਤੇ 1 ਮੁਣਸ਼ੀ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਐਸ ਏ ਐਸ ਨਗਰ, 18 ਨਵੰਬਰ (ਪੋਸਟ ਬਿਊਰੋ)- ਟਰਾਂਸਪੋਰਟਰਾਂ ਨਾਲ ਮਿਲੀਭੁਗਤ ਕਰਕੇ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਟੈਕਸ ਚੋਰੀ ਕਰਨ ਦੇ ਮਾਮਲੇ 'ਚ ਗ੍ਰਿਫ਼ਤਾਰ 3 ਈ ਟੀ ਓਜ਼ ਲਖਵੀਰ ਸਿੰਘ, ਜਪਸਿਮਰਨ ਸਿੰਘ ਅਤੇ ਦਿਨੇਸ਼ ਗੌੜ ਸਮੇਤ 1 ਇੰਸਪੈਕਟਰ ਰਾਮ ਕੁਮਾਰ ਅਤੇ ਪਾਸਰ ਸ਼ਿਵ ਕੁਮਾਰ, ਜੋ ਕਿ ਸੋਮਨਾਥ ਦਾ ਮੁਨਸ਼ੀ ਹੈ, ਦੇ ਖ਼ਿਲਾਫ਼ ਵਿਜੀਲੈਂਸ ਵੱਲੋਂ ਧਾਰਾ-420, 465,467, 471, 120ਬੀ ਅਤੇ ਭ੍ਰਿਸਟਾਚਾਰ ਰੋਕੂ ਐਕਟ ਤਹਿਤ ਮੁਹਾਲੀ ਵਿਚਲੀ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਗਈ ਹੈ।

ਵਿਜੀਲੈਂਸ ਮੁਤਾਬਕ ਟੈਕਸ ਚੋਰੀ ਦੀ ਗੁਪਤ ਸੂਚਨਾ ਮਿਲਣ ਪਿੱਛੋਂ ਉਕਤ ਮੁਲਜ਼ਮਾਂ ਦੀ ਕਈ ਮਹੀਨੇ ਪਹਿਲਾਂ ਹੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਗਈ ਸੀ। ਵਿਜੀਲੈਂਸ ਨੂੰ ਉਕਤ ਅਧਿਕਾਰੀਆਂ ਅਤੇ ਟਰਾਂਸਪੋਰਟਰਾਂ ਵਿਚਕਾਰ ਕੰਮ ਕਰਦੇ ਪਾਸਰ ਖ਼ਿਲਾਫ਼ ਕਾਲ ਰਿਕਾਡਿੰਗ ਮਿਲੀ ਸੀ, ਉਪਰੰਤ ਵਿਜੀਲੈਂਸ ਵੱਲੋਂ ਲੋੜੀਂਦੇ ਦਸਤਾਵੇਜ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਉਕਤ ਪਾਸਰ ਪ੍ਰਾਈਵੇਟ ਵਿਅਕਤੀ ਪਵਨ ਕੁਮਾਰ ਤੇ ਵਿਜੇ ਕੁਮਾਰ ਐਕਸਾਈਜ ਐਂਡ ਟੈਕਸੇਸ਼ਨ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਲੋਡਿਡ ਗੱਡੀਆਂ ਨੂੰ ਜਾਅਲੀ ਦਸਤਾਵੇਜਾਂ ਰਾਹੀਂ ਪਾਸ ਕਰਵਾਉਣ ਦਾ ਕੰਮ ਕਰਦੇ ਸਨ। ਉਕਤ ਅਧਿਕਾਰੀਆਂ ਵੱਲੋਂ ਮਿਲੀਭੁਗਤ ਕਰਕੇ 18 ਫ਼ੀਸਦੀ ਟੈਕਸ ਵਾਲੀ ਵਸਤੂ ਨੂੰ 6 ਫ਼ੀਸਦੀ ਵਾਲੀ ਵਸਤੂ ਦੱਸ ਕੇ ਪੰਜਾਬ ਸਰਕਾਰ ਨੂੰ ਲੱਖਾਂ ਰੁਪਏ ਦਾ ਚੂਨਾ ਲਾਇਆ ਜਾਂਦਾ ਸੀ। ਇਸ ਤੋਂ ਇਲਾਵਾ ਅਧਿਕਾਰੀਆਂ ਵੱਲੋਂ ਮਿਲੀਭੁਗਤ ਕਰਕੇ ਕੱਚੇ ਬਿੱਲਾਂ ਰਾਹੀਂ ਬਿਨਾਂ ਟੈਕਸ ਤੋਂ ਗੱਡੀਆਂ ਨੂੰ ਪਾਸ ਕੀਤਾ ਗਿਆ ਸੀ। ਉਕਤ ਪ੍ਰਾਈਵੇਟ ਵਿਅਕਤੀਆਂ ਨੇ ਟਰਾਂਸਪੋਰਟਰਾਂ ਨੂੰ ਲਾਭ ਪਹੁੰਚਾਉਣ ਤੇ ਪੰਜਾਬ ਸਰਕਾਰ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਲਈ ਵਿਭਾਗ ਦੇ ਅਧਿਕਾਰੀਆਂ ਨਾਲ ਮਹੀਨਾਵਾਰ ਰਿਸ਼ਵਤ ਪੱਕੇ ਤੌਰ 'ਤੇ ਬੰਨ੍ਹੀ ਹੋਈ ਸੀ। ਇੰਸਪੈਕਟਰ ਲਈ 10 ਤੋਂ 20 ਹਜ਼ਾਰ ਰੁਪਏ, ਈ ਟੀ ਓ ਲਈ 35 ਤੋਂ 50 ਹਜ਼ਾਰ ਰੁਪਏ ਅਤੇ ਏ ਈ ਟੀ ਸੀ ਲਈ 75 ਹਜ਼ਾਰ ਰੁਪਏ ਤੋਂ 1 ਲੱਖ ਰੁਪਏ ਤੱਕ ਸਿਰਫ਼ ਇੱਕ ਟਰਾਂਸਪੋਰਟ ਕੰਪਨੀ ਵੱਲੋਂ ਰਿਸ਼ਵਤ ਦਿੱਤੀ ਜਾਂਦੀ ਸੀ। ਵਿਜੀਲੈਂਸ ਨੂੰ ਕੁਝ ਅਜਿਹੇ ਦਸਤਾਵੇਜ਼ ਵੀ ਬਰਾਮਦ ਹੋਏ ਹਨ, ਜਿਨ੍ਹਾਂ 'ਚ ਵਿਭਾਗ ਦੇ ਅਧਿਕਾਰੀਆਂ ਅਤੇ ਟਰਾਂਸਪੋਰਟਰਾਂ ਵੱਲੋਂ ਕੀਤੇ ਲੈਣ-ਦੇਣ ਦਾ ਹਿਸਾਬ-ਕਿਤਾਬ ਹੈ।

ਵਿਜੀਲੈਂਸ ਵੱਲੋਂ ਪਹਿਲੇ ਕੇਸਵਿੱਚ ਡੀ ਈ ਟੀ ਸੀ ਸਿਮਰਨ ਬਰਾੜ, ਵੈਦ ਪ੍ਰਕਾਸ਼ ਜਾਖੜ ਈ ਟੀ ਓ ਫ਼ਾਜ਼ਿਲਕਾ, ਸੱਤਪਾਲ ਮੁਲਤਾਨੀ ਈ ਟੀ ਓ ਫ਼ਰੀਦਕੋਟ, ਕਾਲੀ ਚਰਨ ਈ ਟੀ ਓ ਮੋਬਾਈਲ ਵਿੰਗ ਚੰਡੀਗੜ੍ਹ ਤੇ ਸ਼ੰਭੂ, ਵਰੁਣ ਨਾਗਪਾਲ ਈ ਟੀ ਓ ਮੁਕਤਸਰ, ਰਵੀਨੰਦਨ ਈ ਟੀ ਓ ਫ਼ਾਜ਼ਿਲਕਾ, ਪਿਆਰਾ ਸਿੰਘ ਈ ਟੀ ਓ ਮੋਗਾ ਅਤੇ ਵਿਜੇ ਕੁਮਾਰ ਪ੍ਰਾਸ਼ਰ ਪ੍ਰਾਈਵੇਟ ਵਿਅਕਤੀ ਨੂੰ ਨਾਮਜ਼ਦ ਕੀਤਾ ਗਿਆ ਹੈ। ਦੂਜੇ ਕੇਸ ਵਿੱਚ ਸੁਸ਼ੀਲ ਕੁਮਾਰ ਈ ਟੀ ਓ ਅੰਮ੍ਰਿਤਸਰ, ਦਿਨੇਸ਼ ਗੌੜ ਈ ਟੀ ਓ ਅੰਮ੍ਰਿਤਸਰ, ਜਪਸਿਮਰਨ ਸਿੰਘ ਈ ਟੀ ਓ ਅੰਮ੍ਰਿਤਸਰ, ਲਖਵੀਰ ਸਿੰਘ ਈ ਟੀ ਓ ਮੋਬਾਈਲ ਵਿੰਗ ਅੰਮ੍ਰਿਤਸਰ, ਰਾਮ ਕੁਮਾਰ ਇੰਸਪੈਕਟਰ, ਸੋਮਨਾਥ ਟਰਾਂਸਪੋਰਟਰ ਵਾਸੀ ਫਗਵਾੜਾ, ਸ਼ਿਵ ਕੁਮਾਰ ਮੁਣਸ਼ੀ (ਪਾਸਰ ਸੋਮਨਾਥ) ਅਤੇ ਪਵਨ ਕੁਮਾਰ ਨੂੰ ਨਾਮਜ਼ਦ ਕਰਕੇ ਧਾਰਾ-420, 465, 467, 468, 471, 120ਬੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਮੁਲਤਾਨੀ ਕੇਸ ਵਿਚ ਸੁਮੇਧ ਸਿੰਘ ਸੈਣੀ ਦੀ ਜ਼ਮਾਨਤ ਬਾਰੇ ਸੁਪਰੀਮ ਕੋਰਟ ਵੱਲੋਂ ਫੈਸਲਾ ਰਾਖਵਾਂ

ਐਸ ਏ ਐਸ ਨਗਰ (ਮੁਹਾਲੀ), 18 ਨਵੰਬਰ (ਪੋਸਟ ਬਿਊਰੋ)- ਮੁਹਾਲੀ ਦੇ ਵਸਨੀਕ ਅਤੇ ਚੰਡੀਗੜ੍ਹ ਦੀ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇ ਈ) ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਤੇ ਭੇਤਭਰੀ ਹਾਲਤ ਵਿੱਚ ਲਾਪਤਾ ਜਾਂ ਕਤਲ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਦੀ ਅਗਾਊਂ ਜ਼ਮਾਨਤ ਅਰਜ਼ੀ 'ਤੇਸੁਪਰੀਮ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ।



ਵਰਣਨ ਯੋਗ ਹੈ ਕਿ ਸੁਮੇਧ ਸੈਣੀ ਦੇ ਖਿਲਾਫ ਮੁਹਾਲੀ ਦੇ ਮਟੌਰ ਥਾਣੇ ਵਿੱਚ 302, 364 ਅਤੇ ਹੋਰ ਧਾਰਾਵਾਂ ਦਾ ਅਪਰਾਧਕ ਕੇਸ ਰੱਦ ਕਰਨ ਅਤੇ ਪੱਕੀ ਜ਼ਮਾਨਤ ਬਾਰੇ ਉਸ ਦੀ ਅਰਜ਼ੀ ਉੱਤੇ ਕੱਲ੍ਹ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ ਸੀ। ਇਸ ਮੌਕੇ ਜਸਟਿਸ ਅਸ਼ੋਕ ਭੂਸ਼ਣ ਨੇ ਸਾਬਕਾ ਡੀ ਜੀ ਪੀ ਦੇ ਵਕੀਲ ਸਿਧਾਰਥ ਲੂਥਰਾ ਤੇ ਪੰਜਾਬ ਸਰਕਾਰ ਦੇ ਵਕੀਲ ਮੁਕੁਲ ਰੋਹਤਗੀ ਦੀਆਂ ਦਲੀਲਾਂ ਸੁਣਨ ਪਿੱਛੋਂ ਸੈਣੀ ਨੂੰ ਪਹਿਲਾਂ ਦਿੱਤੀ ਆਰਜ਼ੀ ਜ਼ਮਾਨਤ ਨੂੰ ਕਾਇਮ ਰੱਖਦੇ ਹੋਏ ਆਪਣਾ ਫੈਸਲਾ ਰਾਖਵਾਂ ਰੱਖਿਆ ਹੈ। ਸਾਬਕਾ ਡੀ ਜੀ ਪੀ ਨੇ ਆਪਣੇ ਵਕੀਲ ਰਾਹੀਂ ਸੁਪਰੀਮ ਕੋਰਟ ਵਿੱਚ ਦੋ ਵੱਖੋ-ਵੱਖ ਪਟੀਸ਼ਨਾਂ ਦਾਇਰ ਕਰ ਕੇ ਆਪਣੇ ਖਿਲਾਫ ਮਟੌਰ ਥਾਣੇ ਵਿੱਚ ਦਰਜ ਅਪਰਾਧਕ ਕੇਸ ਨੂੰ ਰੱਦ ਕਰਨ ਅਤੇ ਪੱਕੀ ਜ਼ਮਾਨਤ ਦੇਣ ਦੀ ਮੰਗ ਕੀਤੀ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਦੇ ਖਿਲਾਫ ਮਟੌਰ ਥਾਣੇ ਵਿੱਚ 29 ਸਾਲ ਬਾਅਦ ਦਰਜ ਕੀਤਾ ਕੇਸ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ। ਇਸ ਤੋਂ ਪਹਿਲਾਂ ਪੀੜਤ ਪਰਵਾਰ ਦੀ ਸ਼ਿਕਾਇਤ ਅਤੇ ਹਾਈ ਕੋਰਟ ਦੇ ਹੁਕਮਾਂ ਉੱਤੇ ਸੀ ਬੀ ਆਈ ਨੇ ਅਪਰਾਧਕ ਕੇਸ ਦਰਜ ਕੀਤਾ ਸੀ, ਪਰ ਸੁਣਵਾਈ ਦੌਰਾਨ ਸੀ ਬੀ ਆਈ ਉਸ ਦੇ ਖਿਲਾਫ ਠੋਸ ਸਬੂਤ ਪੇਸ਼ ਨਹੀਂਸੀ ਕਰ ਸਕੀ, ਜਿਸ ਕਾਰਨ ਸੁਪਰੀਮ ਕੋਰਟ ਨੇ ਸੈਣੀ ਦੇ ਖਿਲਾਫ ਦਰਜ ਕੇਸ ਰੱਦ ਕਰ ਦਿੱਤਾ ਸੀ। ਫਿਰ ਕਾਫੀ ਅਰਸੇ ਬਾਅਦ ਮੁਹਾਲੀ ਪੁਲਸ ਨੇ ਪੁਰਾਣੇ ਦੋਸ਼ਾਂ ਹੇਠ ਉਸ ਦੇ ਖਿਲਾਫ ਕੇਸ ਦਰਜ ਕੀਤਾ ਹੈ। ਉਨ੍ਹਾਂ ਮੰਗ ਕੀਤੀ ਕਿ ਉਸ ਦੇ ਖਿਲਾਫ ਦਰਜ ਕੇਸ ਨੂੰ ਮੁੱਢੋਂ ਰੱਦ ਕੀਤਾ ਜਾਵੇ।

ਦੂਸਰੇ ਪਾਸੇ ਸਰਕਾਰੀ ਵਕੀਲ ਅਦਾਲਤ ਵਿੱਚ ਪਹਿਲਾਂ ਹੀ ਦਾਅਵਾ ਕਰ ਚੁੱਕੇ ਹਨ ਕਿ ਇਸ ਮਾਮਲੇ ਵਿੱਚ ਸੈਣੀ ਦੇ ਖਿਲਾਫ ਸਰਕਾਰ ਅਤੇ ਪੰਜਾਬ ਪੁਲਸ ਕੋਲ ਠੋਸ ਸਬੂਤ ਹਨ, ਇਸ ਲਈ ਉਸ ਨੂੰ ਕੋਈ ਰਾਹਤ ਨਾ ਦਿੱਤੀ ਜਾਵੇ। ਇਸ ਤੋਂ ਪਹਿਲਾਂ ਸੁਮੇਧ ਸੈਣੀ ਨੇ ਕੇਸ ਰੱਦ ਕਰਾਉਣ ਲਈ ਪੰਜਾਬ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਹਾਈ ਕੋਰਟ ਨੇ ਉਸ ਦੀ ਇਹ ਅਪੀਲ ਰੱਦ ਕਰ ਦਿੱਤੀ ਸੀ, ਜਿਸ ਕਾਰਨ ਸੈਣੀ ਨੇ ਸੁਪਰੀਮ ਕੋਰਟ ਨੂੰ ਪਹੁੰਚ ਕੀਤੀ ਹੈ। ਇਸ ਬਾਰੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਅਤੇ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕਰ ਕੇ ਤਿੰਨ ਹਫਤਿਆਂ ਦੇ ਅੰਦਰ-ਅੰਦਰ ਆਪਣਾ ਜਵਾਬ ਦਾਖਲ ਕਰਨ ਲਈ ਕਿਹਾ ਹੈ।

# ਖੁਰਾਕ ਸਪਲਾਈ ਅਫਸਰ ਸਮੇਤ ਪੰਜ ਗ੍ਰਿਫ਼ਤਾਰ

ਲੁਧਿਆਣਾ, 18 ਨਵੰਬਰ (ਪੋਸਟ ਬਿਊਰੋ)- ਲੁਧਿਆਣਾ ਵਿਜੀਲੈਂਸ ਬਿਊਰੋ ਵੱਲੋਂ ਸ਼ੈਲਰ ਮਾਲਕਾਂ ਨਾਲ ਮਿਲੀ ਭੁਗਤ ਕਰ ਕੇ ਕਰੋੜਾਂ ਦੀ ਠੱਗੀ ਕਰਨ ਦੇ ਦੋਸ਼ ਹੇਠ ਖੁਰਾਕ ਤੇ ਸਪਲਾਈ ਵਿਭਾਗ ਦੇ ਅਫਸਰਾਂ ਅਤੇ ਸ਼ੈਲਰ ਮਾਲਕਾਂ ਸਮੇਤ ਪੰਜ ਵਿਅਕਤੀਆਂ ਨੂੰ ਕੱਲ੍ਹ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜਿਨ੍ਹਾਂ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਨ੍ਹਾਂ ਵਿੱਚ ਖ਼ੁਰਾਕ ਅਤੇ ਸਪਲਾਈ ਮਹਿਕਮੇ ਦਾ ਬਹੁ ਚਰਚਿਤ ਅਧਿਕਾਰੀ ਰਕੇਸ਼ ਕੁਮਾਰ ਭਾਸਕਰ, ਪਨਗਰੇਨ ਦੇ ਜੂਨੀਅਰ ਆਡੀਟਰ ਮਨਜੀਤ ਸਿੰਘ, ਜਸਬੀਰ ਸਿੰਘ, ਇੰਸਪੈਕਟਰ ਨਰਿੰਦਰ ਕੁਮਾਰ ਅਤੇ ਰਜਿੰਦਰ ਕੁਮਾਰ ਪੁੱਤਰ ਗੋਪੀ ਰਾਮ ਵਾਸੀ ਸਿੱਧਵਾਂ ਬੇਟ ਸ਼ਾਮਲ ਹਨ। ਵਿਜੀਲੈਂਸ ਨੇ ਇਸ ਮਾਮਲੇ 'ਚ ਪਵਨ ਕੁਮਾਰ, ਸੁਨੀਤਾ ਕੁਮਾਰੀ ਅਤੇ ਸਰੋਜ ਬਾਲਾ ਨੂੰ ਵੀ ਨਾਮਜ਼ਦ ਕੀਤਾ ਹੈ, ਜੋ ਅਜੇ ਫਰਾਰ ਹਨ। ਇਨ੍ਹਾਂ ਸਾਰਿਆਂ ਖ਼ਿਲਾਫ਼ ਧੋਖਾਦੇਹੀ ਜਾਅਲਸਾਜ਼ੀ ਅਤੇ ਰਿਸ਼ਵਤ ਐਕਟ ਦੀਆਂ ਵੱਖ-ਵੱਖ ਧਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਨੇ ਇਨ੍ਹਾਂ ਖ਼ਿਲਾਫ਼ ਕੱਲ੍ਹ ਬਾਅਦ ਦੁਪਹਿਰ ਕਾਰਵਾਈ ਕੀਤੀ ਗਈ ਅਤੇ ਇਨ੍ਹਾ ਨੂੰ ਉਸੇ ਵਕਤ ਗ੍ਰਿਫ਼ਤਾਰ ਕਰ ਲਿਆ ਗਿਆ। ਰਕੇਸ਼ ਕੁਮਾਰ ਭਾਸਕਰ ਅਗਸਤ 2009 ਤੋਂ ਜੁਲਾਈ 2011 ਤੱਕ ਪਨਗ੍ਰੇਨ ਦਾ ਮੈਨੇਜਰ ਸੀ ਤੇ ਇਸ ਦੌਰਾਨ ਉਸ ਨੇ ਸ਼ੈਲਰ ਮਾਲਕਾਂ ਨਾਲ ਮਿਲ ਕੇ ਕਰੋੜਾਂ ਰੁਪਏ ਮੁੱਲ ਦੇ ਚਾਵਲਾਂ ਦਾ ਗਬਨ ਕੀਤਾ ਸੀ। ਸਰਕਾਰ ਵੱਲੋਂ ਸ਼ੈਲਰ ਮਿੱਲਾਂ ਵਿੱਚ ਮਿਲਿੰਗ ਲਈ ਭੇਜੇ ਚਾਵਲਾਂ ਦੀ ਮਾਤਰਾ ਵਿੱਚ ਵੱਡੇ ਪੱਧਰ 'ਤੇ ਗਬਨ ਹੋਇਆ ਸੀ ਅਤੇ ਸਰਕਾਰ ਨੂੰ ਘੱਟ ਮਾਤਰਾ ਵਿੱਚ ਚਾਵਲ ਵਾਪਸ ਭੇਜੇ ਗਏ ਸਨ। ਵਿਜੀਲੈਂਸ ਨੂੰ ਸ਼ਿਕਾਇਤ ਮਿਲਣ ਉੱਤੇ ਜਦੋਂ ਇਸ ਮਾਮਲੇ ਦੀ ਜਾਂਚ ਕੀਤੀ ਤਾਂ ਕਈ ਹੈਰਾਨੀ ਜਨਕ ਤੱਥ ਸਾਹਮਣੇ ਆਏ। ਗ੍ਰਿਫ਼ਤਾਰ ਕੀਤਾ ਗਿਆ ਰਾਜਿੰਦਰ ਕੁਮਾਰ ਲਕਸ਼ਮੀ ਰਾਈਸ ਮਿੱਲ ਦਾ ਮਾਲਕ ਹੈ ਅਤੇ ਸੁਨੀਤਾ ਕੁਮਾਰੀ, ਸਰੋਜ ਬਾਲਾ ਉਕਤ ਮਿੱਲ ਦੀਆਂ ਹਿੱਸੇਦਾਰ ਹਨ। ਰਾਕੇਸ਼ ਭਾਸਕਰ ਲੁਧਿਆਣਾ ਵਿੱਚ ਲੰਬਾ ਸਮਾਂ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਅਧਿਕਾਰੀ ਵਜੋਂ ਤਾਇਨਾਤ ਰਹੇ ਹਨ ਅਤੇ ਅੱਜ-ਕੱਲ੍ਹ ਉਹ ਨਵਾਂ ਸ਼ਹਿਰ ਵਿੱਚ ਜ਼ਿਲ੍ਹਾ ਖੁਰਾਕ ਤੇ ਸਪਲਾਈ ਅਧਿਕਾਰੀ ਵਜੋਂ ਤਾਇਨਾਤ ਹੈ।

# ਮਾਂ ਦੇ ਸਸਕਾਰ ਮੌਕੇ ਸ਼ਮਸ਼ਾਨਘਾਟ ਵਿੱਚ ਪੈਲੇਸ ਮਾਲਕ ਭਰਾ ਲੜ ਪਏ

*** ਸਸਕਾਰ ਦੀਆਂ ਲੱਕੜਾਂ ਚੁਕ ਕੇ ਇਕ ਦੂਜੇ ਨੂੰ ਮਾਰੀਆਂ**



ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਪ੍ਰਸਿੱਧ ਪੈਲੇਸ ਦੇ ਮਾਲਕ 2 ਭਰਾ ਕੱਲ੍ਹ ਸ਼ਮਸ਼ਾਨਘਾਟ ਵਿੱਚ ਆਪਣੀ ਮਾਂ ਦੇ ਸਸਕਾਰ ਮੌਕੇ ਆਪਸ ਵਿੱਚ ਲੜ ਪਏ। ਇਸ ਦੌਰਾਨ ਦੋਵਾਂ ਭਰਾਵਾਂ ਵਿਚਕਾਰ ਗਾਲੀ-ਗਲੋਚ ਹੋਇਆ ਅਤੇ ਫਿਰ ਸਸਕਾਰ ਲਈ ਰੱਖੀਆਂ ਲੱਕੜੀਆਂ ਚੁੱਕ ਕੇ ਉਨ੍ਹਾਂ ਇੱਕ-ਦੂਜੇ ਉਤੇ ਹਮਲਾ ਕਰ ਦਿੱਤਾ। ਸੂਚਨਾ ਮਿਲਦੇ ਸਾਰ ਪੁਲਸ ਮੌਕੇ 'ਤੇ ਪਹੁੰਚ ਗਈ, ਪਰ ਕਿਸੇ ਵੀ ਧਿਰ ਨੇ ਵੀ ਪੁਲਸ ਨੂੰ ਸ਼ਿਕਾਇਤ ਨਹੀਂ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਪੈਲੇਸ ਮਾਲਕ ਦੋਂਹ ਭਰਾਵਾਂ ਦੀ ਮਾਂ ਦਾ ਕੱਲ੍ਹ ਸ਼ਹਿਰ ਦੇ ਇੱਕ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਸੀ। ਦੋਵਾਂ ਭਰਾਵਾਂ ਵਿਚਕਾਰ ਪ੍ਰਾਪਰਟੀ ਬਾਰੇ ਪਹਿਲਾਂ ਤੋਂ ਵਿਵਾਦ ਚੱਲ ਰਿਹਾ ਸੀ, ਜਿਸ ਕਾਰਨ ਉਨ੍ਹਾਂ ਦੀ ਬੋਲਚਾਲ ਬੰਦ ਸੀ। ਅਜਿਹੇ ਵਿੱਚ ਸਸਕਾਰ ਦੌਰਾਨ ਇੱਕ ਭਰਾ ਸ਼ਮਸ਼ਾਨਘਾਟ ਵਿੱਚ ਆ ਗਿਆ, ਜਿਸ ਨੇ ਆਪਣੀ ਮਾਂ ਦੇ ਅੰਤਿਮ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ, ਪਰ ਦੂਜੇ ਭਰਾ ਨੇ ਉਸ ਨੂੰ ਮਾਂ ਦੀ ਮ੍ਰਿਤਕ ਦੇਹ ਨੇੜੇ ਆਉਣ ਤੋਂ ਰੋਕ ਦਿੱਤਾ। ਇਸ ਦੌਰਾਨ ਦੋਵਾਂ ਦਾ ਪਹਿਲਾਂ ਗਾਲੀ-ਗਲੋਚ ਹੋਇਆ ਅਤੇ ਫਿਰ ਉਨ੍ਹਾਂ ਇੱਕ-ਦੂਜੇ 'ਤੇ ਲੱਕੜਾਂ ਨਾਲ ਹਮਲਾ ਕਰ ਦਿੱਤਾ। ਜਾਣਕਾਰ ਸੂਤਰਾਂ ਮੁਤਾਬਕ ਦੋਵਾਂ ਧਿਰਾਂ ਦੇ ਰਿਸ਼ਤੇਦਾਰ ਵੀ ਇਸ ਮੌਕੇ ਲੜ ਪਏ। ਇਸ ਦੌਰਾਨ ਦੋਵਾਂ ਧਿਰਾਂ ਦੇ ਕੁਝ ਲੋਕ ਮਾਮੂਲੀ ਜ਼ਖ਼ਮੀ ਹੋਏ ਹਨ। ਥਾਣਾ ਨੰਬਰ 2 ਦੇ ਇੰਚਾਰਜ ਸੁਖਬੀਰ ਸਿੰਘ ਨੇ ਕਿਹਾ ਕਿ ਸ਼ਮਸ਼ਾਘਾਟ ਵਿੱਚ ਦੋਵਾਂ ਭਰਾਵਾਂ ਦੀ ਹੱਥੋਪਾਈ ਦੀ ਸੂਚਨਾ ਉੱਤੇ ਪੁਲਸ ਦੀ ਟੀਮ ਉਥੇ ਭੇਜੀ ਸੀ, ਉਦੋਂ ਤੱਕ ਮਾਮਲਾ ਸ਼ਾਂਤ ਹੋ ਗਿਆ ਸੀ ਪਰ ਕਿਸੇ ਵੀ ਭਰਾ ਨੇ ਉਨ੍ਹਾਂ ਨੂੰ ਲਿਖਤੀ ਸ਼ਿਕਾਇਤ ਨਹੀਂ ਦਿੱਤੀ। ਸ਼ਿਕਾਇਤ ਮਿਲਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਖਰਗੋਸ਼ ਦਿਖਾਉਣ ਦੇ ਬਹਾਨੇ ਬੱਚੇ ਨਾਲ ਕੁਕਰਮ ਕਰਨ ਵਾਲੇ ਨੂੰ ਦਿੱਲੀ ਪੁਲਸ ਨੇ ਫੜਿਆ

ਜਲੰਧਰ, 18 ਨਵੰਬਰ (ਪੋਸਟ ਬਿਊਰੋ)- ਦਿੱਲੀ ਵਿੱਚ ਇੱਕ 12 ਸਾਲਾ ਬੱਚੇ ਨਾਲ ਕੁਕਰਮ ਕਰਨ ਵਾਲੇ ਦੋਸ਼ੀ ਨੂੰ ਕੱਲ੍ਹ ਦੇਰ ਰਾਤ ਜਲੰਧਰ ਆਈ ਦਿੱਲੀ ਪੁਲਸ ਗ੍ਰਿਫਤਾਰ ਕਰ ਕੇ ਲੈ ਗਈ।



ਥਾਣਾ ਇੱਕ ਦੇ ਇੰਚਾਰਜ ਰਾਜੇਸ਼ ਕੁਮਾਰ ਨੇ ਦੱਸਿਆ ਕਿ 12 ਸਾਲਾ ਬੱਚੇ ਨਾਲ ਕੁਕਰਮ ਕਰਨ ਦੇ ਦੋਸ਼ੀ ਵਿਨੋਦ ਝਾਅ ਨੂੰ ਦੇਰ ਰਾਤ ਦਿੱਲੀ ਪੁਲਸ ਗ੍ਰਿਫਤਾਰ ਕਰ ਕੇ ਲੈ ਗਈ ਹੈ ਅਤੇ ਉਸ ਬਾਰੇ ਆਨ ਰਿਕਾਰਡ ਇਸ ਕੇਸ ਵਿੱਚ ਉਸ ਦੀ ਗ੍ਰਿਫਤਾਰੀ ਪਾਈ ਗਈ ਹੈ। ਪਤਾ ਲੱਗਾ ਹੈ ਕਿ ਦਿੱਲੀ ਦੇ ਆਈ ਪੀ ਕਾਲੋਨੀ ਸੰਤ ਨਗਰ ਵਿੱਚ ਦੀਵਾਲੀ ਦੀ ਰਾਤ 12 ਸਾਲਾ ਬੱਚੇ ਨਾਲ ਕੁਕਰਮ ਕਰਨ ਵਾਲਾ 63 ਸਾਲਾ ਵਿਅਕਤੀ ਜਲੰਧਰ ਦੇ ਮਕਸੂਦਾਂ ਵਿਚਲੇ ਰਵੀਦਾਸ ਨਗਰ ਵਿੱਚ ਆ ਕੇ ਲੁਕ ਗਿਆ ਸੀ, ਪਰ ਥਾਣਾ ਇੱਕ ਦੀ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਵਿਨੋਦ ਝਾਅ ਪੁੱਤਰ ਕੇਦਾਰ ਨਾਥ ਝਾਅ ਵਜੋਂ ਹੋਈ ਹੈ। ਉਸ ਖਿਲਾਫ ਦਿੱਲੀ ਦੇ ਸਰੂਪ ਨਗਰ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ, ਜਿਸ ਦੇ ਬਾਅਦ ਦੋਸ਼ੀ ਜਲੰਧਰ ਮਕਸੂਦਾਂ ਸਥਿਤ ਰਵਿਦਾਸ ਨਗਰ ਵਿੱਚ ਆਪਣੇ ਭਰਾ ਦੇ ਘਰ ਆ ਕੇ ਲੁਕ ਗਿਆ ਸੀ। ਇਸ ਦੇ ਬਾਅਦ ਥਾਣਾ ਇੱਕ ਦੀ ਪੁਲਸ ਨੇ ਦਿੱਲੀ ਵਾਸੀ ਇਸ 63 ਸਾਲਾ ਦਰਿੰਦੇ ਵਿਨੋਦ ਝਾਅ ਨੂੰ ਫੜ ਲਿਆ। ਉਸ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਦਸਿਆ ਕਿ ਉਹ ਦਿੱਲੀ ਦੇ ਸੰਤ ਨਗਰ ਦੀ ਆਈ ਪੀ ਕਾਲੋਨੀ ਦੇ ਬਾਹਰ ਪਾਨ-ਬੀੜੀ ਦਾ ਖੋਖਾ ਚਲਾਉਂਦਾ ਹੈ ਅਤੇ ਦੀਵਾਲੀ ਦੀ ਰਾਤ 12 ਸਾਲਾ ਬੱਚੇ ਨੂੰ ਖਰਗੋਸ਼ ਦਿਖਾਉਣ ਦੇ ਬਹਾਨੇ ਉਸ ਨੇ ਖੋਖੇ ਦੇ ਅੰਦਰ ਬੁਲਾ ਕੇ ਕੁਕਰਮ ਕੀਤਾ ਅਤੇ ਬੱਚੇ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਰਾਰ ਹੋ ਗਿਆ ਸੀ।

**ਅਦਾਲਤ ਵੱਲੋਂ ਸੀ ਬੀ ਆਈ ਨੂੰ ਫਿਟਕਾਰ**

# ਆਪਣੇ ਸਾਬਕਾ ਡਾਇਰੈਕਟਰਾਂ ਵਿਰੁੱਧ ਆਪੇ ਜਾਂਚ ਕਰਨਾ ਨਿਆਂ ਦੇ ਸਿਧਾਂਤ ਦਾ ਉਲੰਘਣ

ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ ਕੱਲ੍ਹ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀ ਬੀ ਆਈ ਵੱਲੋਂਆਪਣੇ ਹੀ ਸਾਬਕਾ ਡਾਇਰੈਕਟਰਾਂ ਦੀ ਜਾਂਚ ਕਰਨਾ 'ਕੁਦਰਤੀ ਨਿਆਂ ਦੇ ਸਿਧਾਂਤ ਦਾ ਉਲੰਘਣ' ਹੈ। ਇਸ ਦੇ ਨਾਲ ਅਦਾਲਤ ਨੇ ਜਾਂਚ ਦੀ ਹੌਲੀ ਗਤੀ ਚਾਲ ਬਾਰੇ ਜਾਂਚ ਏਜੈਂਸੀ ਦੀ ਖਿੰਚਾਈ ਕੀਤੀ। ਸੀ ਬੀ ਆਈ ਨੂੰ ਉਦੋਂ ਅਦਾਲਤ ਦੀ ਫਟਕਾਰ ਪਈ, ਜਦੋਂ ਉਸਦੇ ਸਰਕਾਰੀ ਵਕੀਲ ਨੇ ਜਾਂਚ ਲਈ ਹੋਰ ਸਮਾਂ ਮੰਗਿਆ।



ਸਪੈਸ਼ਲ ਜੱਜ ਸੰਜੀਵ ਅਗਰਵਾਲ ਨੇ ਵਿਵਾਦਾਂ ਵਿੱਚ ਫਸੇ ਹੋਏ ਮੀਟ ਕਾਰੋਬਾਰੀ ਮੋਈਨ ਕੁਰੈਸ਼ੀ ਦੇ ਖ਼ਿਲਾਫ਼ ਚੱਲ ਰਹੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਇਹ ਟਿੱਪਣੀ ਕੀਤੀ ਹੈ। ਇਸ ਵਿੱਚ ਸੀ ਬੀ ਆਈ ਦੇ ਸਾਬਕਾ ਡਾਇਰੈਕਟਰ ਰਣਜੀਤ ਸਿਨ੍ਹਾ ਅਤੇ ਏ ਪੀ ਸਿੰਘ ਜਾਂਚ ਦੇ ਘੇਰੇ ਵਿੱਚ ਹਨ। ਜੱਜ ਨੇ ਕਿਹਾ ਕਿ ਚਾਰ ਸਾਲ ਲੰਘ ਗਏ, ਇਨ੍ਹਾਂ ਚਾਰ ਸਾਲਾਂ ਵਿੱਚ ਕੋਈ ਜਾਂਚ ਹੀ ਨਹੀਂ ਕੀਤੀ ਗਈ, ਹੋਰ ਕਿੰਨੇ ਕੁ ਸਾਲ ਲਊਗੇ, 7 ਜਾਂ 10 ਸਾਲ? ਅਦਾਲਤ ਨੇ ਕਿਹਾ ਕਿ ਸੀ ਬੀ ਆਈ ਦੇ ਆਪਣੇ ਡਾਇਰੈਕਟਰ ਦੋਸ਼ੀ ਹਨ ਅਤੇ ਏਜੈਂਸੀ ਇਸ ਦੀ ਖੁਦ ਹੀ ਜਾਂਚ ਕਰ ਰਹੀ ਹੈ? ਮੈਂ ਹੈਰਾਨ ਹਾਂ। ਇਹ ਕੁਦਰਤੀ ਨਿਆਂ ਦੇ ਸਿਧਾਂਤ ਦਾ ਉਲੰਘਣ ਕੀਤਾ ਜਾ ਰਿਹਾ ਹੈ। ਇਸ ਮੌਕੇ ਜਾਂਚ ਏਜੰਸੀ ਨੇ ਅਦਾਲਤ ਨੂੰ ਕਿਹਾ ਕਿ ਪਿਛਲੇ ਸਮੇਂ ਦੇ ਉਸਦੇ ਚਾਰ ਆਦੇਸ਼ਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਇਸ ਦੇ ਬਾਅਦ ਹੇਠਲੀ ਅਦਾਲਤ ਨੇ ਇਸ ਕੇਸ ਨੂੰ 24 ਨਵੰਬਰ ਨੂੰ ਅਗਲੀ ਸੁਣਵਾਈ ਦੇ ਲਈ ਮੁਲਤਵੀ ਕਰ ਦਿੱਤਾ ਹੈ।

ਸੀ ਬੀ ਆਈ ਨੇ 2017 ਵਿੱਚ ਮੁਇਨ ਕੁਰੈਸ਼ੀ ਦੇ ਖ਼ਿਲਾਫ਼ ਰਿਸ਼ਵਤ ਦਾ ਇਹ ਮਾਮਲਾ ਦਰਜ ਕੀਤਾ ਸੀ। ਜਾਂਚ ਦੇ ਦੌਰਾਨ ਸਿਨ੍ਹਾ ਅਤੇ ਏ ਪੀ ਸਿੰਘ ਦੇ ਨਾਮ ਸਾਹਮਣੇ ਆਉਣ ਕਰ ਕੇ ਉਨ੍ਹਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ।

# ਜੰਮੂ-ਕਸ਼ਮੀਰ ਵਿੱਚ ਸਰਕਾਰੀ ਜ਼ਮੀਨਾਂ ਉੱਤੇ ਕਬਜ਼ੇ ਬਾਰੇ ਸੀ ਬੀ ਆਈ ਵੱਲੋਂ 3 ਕੇਸ ਦਰਜ

ਜੰਮੂ, 18 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਸਰਕਾਰੀ ਅਧਿਕਾਰੀਆਂ ਦੀ ਮਿਲੀਭਗਤ ਦੇ ਨਾਲ ਸਰਕਾਰੀ ਜ਼ਮੀਨਾਂ ਉੱਤੇ ਕਬਜ਼ਾ ਕਰਨ ਦੇ ਦੋਸ਼ ਵਿੱਚ ਸੀ ਬੀ ਆਈ ਨੇ 3 ਵੱਖ-ਵੱਖ ਕੇਸ ਦਰਜ ਕੀਤੇ ਹਨ। ਇਸ ਕੇਸ ਵਿੱਚ ਕੇਂਦਰੀ ਸੈਕਟਰੀ ਪੱਧਰ ਦਾ ਇੱਕ ਅਧਿਕਾਰੀ ਵੀ ਸ਼ੱਕ ਦੇ ਘੇਰੇ ਵਿੱਚ ਹੈ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਹਾਈਕੋਰਟ ਦੇ ਹੁਕਮ ਉੱਤੇ ਸੀ ਬੀ ਆਈ ਜੰਮੂ ਅਤੇ ਸਾਂਬਾ ਜ਼ਿਲਿਆਂ ਵਿੱਚ ਜ਼ਮੀਨ ਹੜੱਪਣ ਦੇ ਕੇਸ ਦੀ ਜਾਂਚ ਕਰ ਰਹੀ ਹੈ। ਇਸ ਤੋਂ ਪਹਿਲਾਂ ਸਟੇਟ ਵਿਜੀਲੈਂਸ ਕਮਿਸ਼ਨ ਇਨ੍ਹਾਂ ਦੀ ਜਾਂਚ ਕਰ ਰਿਹਾ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਮੂ ਜ਼ਿਲੇ ਦੇ ਰੈਵੇਨਿਊ ਵਿਭਾਗ ਦੇ ਅਧਿਕਾਰੀਆਂ ਨੇ ਰੋਸ਼ਨੀ ਕਾਨੂੰਨ ਦੇ ਨਿਯਮਾਂ ਦੀ ਜਾਣ-ਬੁਝ ਕੇ ਅਣਦੇਖੀ ਕੀਤੀ ਅਤੇ ਨਾਜਾਇਜ਼ ਕਾਬਜ਼ ਲੋਕਾਂ ਨੂੰ ਲਾਭ ਪਹੁੰਚਾਇਆ ਹੈ। ਸੀ ਬੀ ਆਈ ਦੇ ਬੁਲਾਰੇ ਨੇ ਦੱਸਿਆ ਕਿ ਅਜਿਹੇ ਇੱਕ ਮਾਮਲੇ ਵਿੱਚ ਰੈਵੇਨਿਊ ਵਿਭਾਗ ਦੇ ਅਫਸਰਾਂ ਨੇ ਕੁਝ ਅਯੋਗ ਵਿਅਕਤੀਆਂ ਨੂੰ ਗਲਤ ਤਰੀਕੇ ਨਾਲ ਸਰਕਾਰੀ ਜ਼ਮੀਨ ਦੀ ਮਾਲਕੀ ਦਾ ਹੱਕ ਦੇ ਦਿੱਤਾ, ਜਿਸ ਨਾਲ ਰਾਜ ਸਰਕਾਰ ਦੇ ਖਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ। ਦੂਸਰਾ ਮਾਮਲਾ ਗਾਂਧੀਨਗਰ ਦੇ ਇੱਕ ਕਾਰੋਬਾਰੀ ਅਤੇ ਜੰਮੂ ਵਿਕਾਸ ਅਥਾਰਟੀ ਦੇ ਰੈਵੇਨਿਊ ਵਿਭਾਗ ਵਿਚਲੇ ਅਣਪਛਾਤੇ ਅਧਿਕਾਰੀਆਂ ਨਾਲ ਜੁੜਦਾ ਹੈ।ਜੰਮੂ ਜ਼ਿਲੇ ਦੇ ਰੈਵੇਨਿਊ ਅਧਿਕਾਰੀਆਂ ਨੇ ਕਾਰੋਬਾਰੀ ਨਾਲ ਮਿਲਕੇ ਸਾਜਿਸ਼ ਰਚੀ ਅਤੇ ਦੀਲੀ ਤਹਿਸੀਲ ਪਿੰਡ ਦੀ ਜ਼ਮੀਨ ਦਾ ਮਾਲਕੀ ਹੱਕ ਉਸ ਨੂੰ ਦੇ ਦਿੱਤਾ।




ਤੀਸਰਾ ਮਾਮਲਾ ਸਾਂਬਾ ਜ਼ਿਲੇ ਦੀ ਜ਼ਮੀਨ ਬਾਰੇ ਹੈ, ਜਿਸ ਵਿੱਚ ਰੈਵੇਨਿਊ ਅਧਿਕਾਰੀਆਂ ਨੇ ਰੋਸ਼ਨੀ ਕਾਨੂੰਨ ਦੇ ਨਿਯਮਾਂ ਦਾ ਜਾਣ-ਬੁਝ ਕੇ ਉਲੰਘਣ ਕਰਦੇ ਹੋਏ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਵਾਇਆ ਤੇ ਅਯੋਗ ਢੰਗ ਨਾਲ ਕਮਾਈ ਕੀਤੀ। ਜਾਂਚ ਵਿੱਚ ਇਸ ਤਰ੍ਹਾਂ ਦੇ ਕਈ ਅਜਿਹੇ ਕੇਸ ਮਿਲੇ ਹਨ, ਜਿਨ੍ਹਾਂ ਵਿੱਚ ਸਰਕਾਰੀ ਜ਼ਮੀਨ ਦੇ ਲਈ ਅਜਿਹੇ ਆਯੋਗਲੋਕਾਂ ਨੂੰ ਮਾਲਕੀ ਅਧਿਕਾਰ ਦੇ ਦਿੱਤੇ ਗਏ, ਜਿਨ੍ਹਾਂ ਦਾ ਰੈਵੇਨਿਊ ਵਿਭਾਗ ਦੇ ਰਿਕਾਰਡ ਵਿੱਚ ਨਾਮ ਦਰਜ ਨਹੀਂ ਸੀ। ਸੀ ਬੀ ਆਈ ਅਫਸਰਾਂ ਮੁਤਾਬਕ ਇਸ ਵਿੱਚ ਕੇਂਦਰੀ ਸੈਕਟਰੀ ਅਤੇ ਸੀਨੀਅਰ ਆਈ ਏ ਐਸ ਅਧਿਕਾਰੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਬਿਜਲੀ ਵਿਭਾਗ ਦਾ ਇੱਕ ਅਧਿਕਾਰੀ ਵੀ ਜਾਂਚ ਦੇ ਘੇਰੇ ਵਿੱਚ ਹੈ।

# ਬਰਾਕ ਓਬਾਮਾ ਨੇ ਲਿਖਿਐ, ਪਾਕਿ ਫੌਜ ਅਤੇ ਆਈ ਐਸ ਆਈ ਵਿਚਲੇ ਕੁਝ ਤੱਤਾਂ ਦਾ ਅਲ ਕਾਇਦਾ ਨਾਲ ਸਬੰਧ

*** ਭਾਰਤੀ ਉਦਯੋਗਪਤੀਆਂ ਦੇ ਰਾਜਿਆਂ ਅਤੇ ਮੁਗ਼ਲਾਂ ਨਾਲੋਂ ਵੱਧ ਠਾਠ**

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਉਨ੍ਹਾਂ ਨੇ ਐਬਟਾਬਾਦ ’ਚ ਓਸਾਮਾ ਬਿਨ ਲਾਦੇਨ ਦੇ ਟਿਕਾਣਿਆਂ ’ਤੇ ਛਾਪਾ ਮਾਰਨ ਦੀ ਮੁਹਿੰਮ ਵਿੱਚ ਪਾਕਿਸਤਾਨ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਹ ਖੁੱਲ੍ਹਾ ਭੇਦ ਸੀ ਕਿ ਪਾਕਿਸਤਾਨ ਦੀ ਫ਼ੌਜ, ਖ਼ਾਸਕਰ ਕੇ ਉਸ ਦੀ ਖ਼ੁਫ਼ੀਆ ਏਜੰਸੀ ਵਿੱਚ ਕੁਝ ਤੱਤਾਂ ਦੇ ਤਾਲਿਬਾਨ ਅਤੇ ਅਲਕਾਇਦਾ ਨਾਲ ਸਬੰਧ ਸਨ ਅਤੇ ਉਹ ਕਈ ਵਾਰ ਅਫ਼ਗਾਨਿਸਤਾਨ ਤੇ ਭਾਰਤ ਦੇ ਖ਼ਿਲਾਫ਼ ਰਣਨੀਤਕ ਪੂੰਜੀ ਦੇ ਤੌਰ ਉੱਤੇ ਇਨ੍ਹਾਂ ਦੀ ਵਰਤੋਂ ਕਰਦੇ ਸਨ।

ਬਰਾਕ ਓਬਾਮਾ ਨੇ ‘ਏ ਪ੍ਰੋਮਿਸਡ ਲੈਂਡ’ ਨਾਂਅ ਦੀ ਆਪਣੀ ਕਿਤਾਬ ਵਿੱਚ ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਵਿੱਚ ਐਬਟਾਬਾਦ ਵਿੱਚ ਮਾਰੇ ਗਏ ਛਾਪੇ ਦੀ ਜਾਣਕਾਰੀ ਦਿੱਤੀ ਹੈ।ਅਮਰੀਕੀ



ਕਮਾਂਡੋ ਦੇ ਇਸ ਛਾਪੇ ਵਿੱਚ ਦੁਨੀਆ ਦਾ ‘ਮੋਸਟ ਵਾਂਟੇਡ’ ਅੱਤਵਾਦੀ ਓਸਾਮਾ ਬਿਨ ਲਾਦੇਨ 2 ਮਈ 2011 ਨੂੰ ਮਾਰਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਅਤਿ-ਆਧੁਨਿਕ ਖ਼ੁਫ਼ੀਆ ਮੁਹਿੰਮ ਦਾ ਓਦੋਂ ਦੇ ਰੱਖਿਆ ਮੰਤਰੀ ਰੋਬਰਟ ਗੇਟਸ ਤੇ ਸਾਬਕਾ ਉਪ ਰਾਸ਼ਟਰਪਤੀ ਤੇ ਮੌਜੂਦਾ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਈਡਨ ਨੇ ਵਿਰੋਧ ਕੀਤਾ ਸੀ।

ਇਸ ਕਿਤਾਬ ਵਿੱਚ ਓਬਾਮਾ ਨੇ ਰਾਹੁਲ ਗਾਂਧੀ ਦੀ ਮਾਂ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਵੀ ਜ਼ਿਕਰ ਕੀਤਾ ਅਤੇ ਲਿਖਿਆ ਹੈ ਕਿ ਭਾਰਤ ਦੀ ਰਾਜਨੀਤੀ ਹਾਲੇ ਵੀ ਜਾਤੀ, ਧਰਮ ਅਤੇ ਪਰਵਾਰਵਾਦ ਦੇ ਦੁਆਲੇ ਘੁੰਮਦੀ ਹੈ, ਹਾਲਾਂਕਿ ਇਸ ਦੌਰਾਨ ਡਾ. ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਦੇ ਰੂਪ ’ਚ ਚੁਣਿਆ ਜਾਣਾ ਦੇਸ਼ ਦੀ ਤਰੱਕੀ ਦੀ ਦਿਸ਼ਾ ’ਚ ਕੀਤਾ ਗਿਆ ਇੱਕ ਯਤਨ ਸੀ, ਪਰ ਨਾਲ ਇਹ ਵੀ ਸੱਚ ਹੈ ਕਿ ਉਹ ਆਪਣੀ ਹਰਮਨਪਿਆਰਤਾ ਦੀ ਵਜ੍ਹਾ ਨਾਲ ਪ੍ਰਧਾਨ ਮੰਤਰੀ ਨਹੀਂ ਬਣੇ, ਉਨ੍ਹਾਂ ਨੂੰ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਬਣਾਇਆ। ਇਸ ਬਾਰੇ ਕਈ ਮਾਹਰਾਂ ਦਾ ਮੰਨਣਾ ਹੈ ਕਿ ਸੋਨੀਆ ਗਾਂਧੀ ਨੇ ਮਨਮੋਹਨ ਸਿੰਘ ਦੀ ਚੋਣ ਕਾਫ਼ੀ ਸੋਚ ਕੇ ਕੀਤੀ ਸੀ, ਕਿਉਂਕਿ ਮਨਮੋਹਨ ਸਿੰਘ ਅਜਿਹੇ ਬਜ਼ੁਰਗ ਸਿੱਖ ਆਗੂ ਸਨ, ਜਿਨ੍ਹਾਂ ਦਾ ਕੋਈ ਕੌਮੀ ਸਿਆਸੀ ਆਧਾਰ ਨਹੀਂ ਸੀ। ਅਜਿਹੇ ਨੇਤਾ ਤੋਂ ਉਨ੍ਹਾਂ ਨੂੰ ਆਪਣੇ ਪੁੱਤਰ ਰਾਹੁਲ ਲਈ ਕੋਈ ਸਿਆਸੀ ਖ਼ਤਰਾ ਨਹੀਂ ਦਿੱਸਿਆ, ਕਿਉਂਕਿ ਉਦੋਂ ਉਹ ਉਸ ਨੂੰ ਇੱਕ ਵੱਡੀ ਭੂਮਿਕਾ ਲਈ ਤਿਆਰ ਕਰ ਰਹੀ ਸੀ।

# ਚੋਣਾਂ ਵਿੱਚ ਹਾਰ ਪਿੱਛੋਂ ਡੋਨਾਲਡ ਟਰੰਪ ਈਰਾਨ ’ਤੇ ਹਮਲਾ ਕਰਨ ਵਾਲਾ ਸੀ

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚੋਣਾਂ ਵਿੱਚ ਮਿਲੀ ਹਾਰ ਪਿੱਛੋਂ ਈਰਾਨ ’ਤੇ ਹਮਲਾ ਕਰਨ ਵਾਲੇ ਸਨ। ਉਨ੍ਹਾਂ ਦੇ ਨਿਸ਼ਾਨੇ ’ਤੇ ਈਰਾਨ ਦਾ ਮੁੱਖ ਐਟਮੀ ਕੇਂਦਰ ਨਤਾਂਜ ਸੀ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਈਰਾਨ ਦੀ ਐਟਮੀ ਸਮੱਗਰੀ ਵਿੱਚ ਹੋ ਰਹੇ ਲਗਾਤਾਰ ਵਾਧੇ ਦੇ ਨਾਂਅ ਹੇਠ ਟਰੰਪ ਇਹ ਫੈਸਲਾ ਲੈਣਾ ਚਾਹੁੰਦੇ ਸਨ। ਇਸ ਰਿਪੋਰਟ ਮੁਤਾਬਕ ਟਰੰਪ ਨੇ ਪਿਛਲੇ ਹਫ਼ਤੇ ਹੋਈ ਇੱਕ ਬੈਠਕ ਵਿੱਚ ਈਰਾਨ ਦੇ ਐਟਮੀ ਅੱਡਿਆਂ ਨੂੰ ਤਬਾਹ ਕਰਨ ਦੇ ਬਦਲਾਂ ਬਾਰੇ ਆਪਣੇ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਇਸ ਵਿੱਚ ਉਪ ਰਾਸ਼ਟਰਪਤੀ ਮਾਈਕ ਪੈਂਸ, ਰੱਖਿਆ ਮੰਤਰੀ



ਕ੍ਰਿਸਟੋਫਰ ਮਿਲਰ ਅਤੇ ਜਾਇੰਟ ਚੀਫ ਆਫ ਸਟਾਫ ਮਾਰਕ ਮਿਲੀ ਵਰਗੇ ਲੋਕ ਸ਼ਾਮਲ ਸਨ। ਇਸ ਦੌਰਾਨ ਟਰੰਪ ਨੂੰ ਸਲਾਹ ਦਿੱਤੀ ਗਈ ਕਿ ਜੇ ਇਹੋ ਜਿਹਾ ਕਦਮ ਚੁੱਕਿਆ ਗਿਆ ਤਾਂ ਇਸ ਨਾਲ ਈਰਾਨ ਤੇ ਅਮਰੀਕਾ ਵਿਚਾਲੇ ਪਾੜਾ ਬਹੁਤ ਜ਼ਿਆਦਾ ਵਧ ਜਾਵੇਗਾ।

# ਲੀਜ਼ਾ ਦੇ ਕੋਲ ਪਹੁੰਚ ਰਹੀਆਂ ਨੇ ਢੇਰਾਂ ਦੇ ਢੇਰ ਚਿੱਠੀਆਂ


ਨਿਊ ਯਾਰਕ, 18 ਨਵੰਬਰ (ਪੋਸਟ ਬਿਊਰੋ)- ਵਰਜੀਨੀਆ (ਅਮਰੀਕਾ) ਦੇ ਕੋਲ ਇੱਕ ਪਰੀਆਂ ਦਾ ਪਿੰਡ ਹੈ। ਬੱਚੇ ਉਨ੍ਹਾਂ ਪਰੀਆਂ ਨੂੰ ਆਪਣੇ ਮਨ ਦੀ ਗੱਲ ਪੱਤਰ ਵਿੱਚ ਲਿਖ ਕੇ ਭੇਜਦੇ ਹਨ ਤੇ ਬੱਚਿਆਂ ਨੂੰ ਉਨ੍ਹਾਂ ਦੇ ਲਿਖੇ ਪੱਤਰਾਂ ਦਾ ਜਵਾਬ ਵੀ ਮਿਲਦਾ ਹੈ। ਬੱਚਿਆਂ ਦਾ ਮਨ ਅੱਜ ਪਰੀਆਂ ’ਤੇ ਯਕੀਨ ਕਰਦਾ ਹੈ।

ਅਸਲ ਵਿੱਚ ਜਦ ਲਾਕਡਾਊਨ ਸ਼ੁਰੂ ਹੋਇਆ ਤਾਂ9 ਸਾਲ ਦੀ ਮਾਇਆ ਗੈਬਲਰ ਦੀ ਦੁਨੀਆ ਪਰਵਾਰ ਅਤੇ ਕੁਝ ਦੋਸਤਾਂ ਦੇ ਘੇਰੇ ਤੱਕ ਹੀ ਰਹਿ ਗਈ ਸੀ। ਉਸ ਨੇ ਰੁੱਖ ਉੱਤੇ ਰਹਿੰਦੀਆਂ ਪਰੀਆਂ ਨੂੰ ਪੱਤਰ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਪਰੀਆਂ ਦਾ ਪਤਾ ਉਸ ਨੂੰ ਬੱਚਿਆਂ ਲਈ ਛਪਦੀਆਂ ਪਰੀ ਕਹਾਣੀਆਂ ਦੀ ਕਿਤਾਬ ਤੋਂ ਮਿਲਿਆ ਸੀ। ਮਾਇਆ ਅਤੇ ਉਸ ਦੀਆਂ ਦੋ ਸਹੇਲੀਆਂ ਅਤੇ ਭੈਣਾਂ ਸੋਫੀ, ਕੇਟ ਕੇਰੋਲ ਪਰੀਆਂ ਦੀ ਦੁਨੀਆ ਵਿੱਚ ਬਹੁਤ ਯਕੀਨ ਕਰਦੀਆਂ ਹਨ। ਮਾਇਆ ਦੀ ਮਾਂ ਜੈਨੀਫਰ ਕਹਿੰਦੀ ਹੈ ਕਿ ਬੱਚਿਆਂ ਦਾ ਡਰ, ਚਿੰਤਾ ਬਾਹਰ ਕੱਢਣ ਦਾ ਇਹ ਚੰਗਾ ਤਰੀਕਾ ਹੈ। ਇਸ ਦੇ ਜ਼ਰੀਏ ਬੱਚੇ ਆਪਣੀ ਫੀਲਿੰਗ ਦਿਖਾ ਸਕਦੇ ਹਨ।ਪਰੀਆਂ ਦਾ ਪਿੰਡ ਬੱਚਿਆਂ ਦੀ ਸਟੋਰੀ ਬੁਕ ਲਿਖਣ ਵਾਲੀ 55 ਸਾਲਾ ਲੇਖਕਾ ਲੀਜ਼ਾ ਸੁਹਾਏ ਦੇ ਘਰ ਨੇੜੇ ਦੱਸਿਆ ਜਾਂਦਾ ਹੈ, ਜੋ ਵਰਜੀਨੀਆ ਸਿਟੀ ਦੇ ਨੇੜੇ ਨਾਰਫਾਕ ਦੇ ਕਿਨਾਰੇ ਹੈ। ਉਹੀ ਪਰਦੇ ਦੇ ਪਿੱਛੋਂ ਬੱਚਿਆਂ ਨੂੰ ਪਰਚਾਉਂਦੀ ਹੈ। ਬੱਚਿਆਂ ਨੂੰ ਪਤਾ ਹੈ ਕਿ ਪਿੰਡ ਦੇ ਰੁੱਖ ਦੀਆਂ ਟਾਹਣੀਆਂ ਪਿੱਛੇ ਪਰੀਆਂ ਸੌਂ ਰਹੀਆਂ ਹਨ। ਉਨ੍ਹਾਂ ਲਈ ਫਲਾਂ ਨਾਲ ਸਜੇ ਰਸਤੇ ਹਨ। ਲੀਜ਼ਾ ਦੇ ਘਰ ਨੇੜੇ ਗਾਰਡਨ ਵਿੱਚ ਰੁੱਖ ਦੇ ਹੇਠਾਂ ਟੇਬਲ-ਕੁਰਸੀ ਰੱਖੀ ਹੈ। ਟੇਬਲ ’ਤੇ ਪੈਨ ਅਤੇ ਕਈ ਪੇਪਰ ਹਨ। ਇਥੇ ਦੋ ਮੇਲ ਬਾਕਸ ਵੀ ਹਨ। ਇੱਕ ਬਾਕਸ ਬੱਚਿਆਂ ਵੱਲੋਂ ਭੇਜੀਆਂ ਚਿੱਠੀਆਂ ਨਾਲ ਭਰਿਆ ਹੈ। ਦੂਸਰਾ ਬਾਕਸ ਬੱਚਿਆਂ ਨੂੰ ਭੇਜੇ ਜਾਣ ਵਾਲੇ ਪਰੀਆਂ ਦੇ ਪੱਤਰਾਂ ਨਾਲ ਭਰਿਆ ਰਹਿੰਦਾ ਹੈ।

ਬੱਚਿਆਂ ਨੂੰ ਇਹੀ ਪਤਾ ਹੈ ਕਿ ਗਾਡ-ਮਦਰ ਪਰੀ, ਪਰੀਆਂ ਦੀ ਰਾਣੀ ਲਿਸੇਂਟਰਾ ਅਤੇ ਟਿੰਕਰ ਬੇਲ ਚਿੱਠੀਆਂ ਦਾ ਜਵਾਬ ਦਿੰਦੀਆਂ ਹਨ। ਪਰੀਆਂ ਦਾ ਪਿੰਡਪਹਿਲੀ ਵਾਰ ਜੁਲਾਈ ਅੰਤ ਵਿੱਚ ਬੱਚਿਆਂ ਦੀ ਸਟੋਰੀ ਬੁੱਕ ਲਿਖਣ ਵਾਲੀ ਲੀਜ਼ਾ ਸੁਹਾਏ ਦੇ ਘਰ ਮੂਹਰੇ ਦਿਖਾਈ ਦਿੱਤਾ। ਫਿਰ ਇਸ ਦੀ ਆਨਲਾਈਨ ਚਰਚਾ ਹੋਣ ਲੱਗੀ। ਗੱਲਾਂ ਚੱਲ ਨਿਕਲੀਆਂ ਤਾਂ ਨਾਸਮਝ ਛੋਟੇ-ਛੋਟੇ ਬੱਚੇ ਪਰੀਆਂ ਨੂੰ ਮਿਲਣ ਲਈ ਤਿਆਰ ਹੋ ਕੇ, ਪ੍ਰਿੰਸਿਸ ਗਾਊਨ ਪਹਿਨ ਕੇ ਅਤੇ ਖੰਭ ਲਾ ਕੇ ਇਥੇ ਆਉਂਦੇ ਹਨ, ਜੋ ਨਹੀਂ ਆ ਸਕਦੇ ਉਹ ਵੈਬਸਾਈਟ ਜ਼ਰੀਏ ਗੱਲਾਂ ਕਰ ਸਕਦੇ ਹਨ।ਪਰੀਆਂ ਦੇ ਅਡਰੈਸ ’ਤੇ ਬੱਚੇ ਕੁਝ ਮਹੀਨੇ ਵਿੱਚ ਸੱਤ ਸੌ ਤੋਂ ਵੱਧ ਪੱਤਰ ਭੇਜ ਚੁੱਕੇ ਹਨ। ਇੱਕ ਬੱਚੇ ਨੇ ਲਿਖਿਆ ਹੈ, ਤੁਸੀਂ ਕੋਰੋਨਾ ਨੂੰ ਗਾਇਬ ਕਰ ਸਕਦੇ ਹੋ? ਦੂਸਰੇ ਨੇ ਲਿਖਿਆ, ਅਸੀਂ ਲੋਕ ਗੁਆਮ ਵਿੱਚ ਸ਼ਿਫਟ ਹੋ ਰਹੇ ਹਾਂ, ਤੁਸੀਂ ਤਦ ਵੀ ਮੇਰੀ ਦੋਸਤ ਬਣੇ ਰਹੋਗੇ? ਇੱਕ ਬੱਚੇ ਨੇ ਪਰੀ ਨੂੰ ਲਿਖਿਆ ਕਿ ਉਸ ਨੇ ਆਪਣੀ ਮਾਂ ਅਤੇ ਟੀਚਰ ਨੂੰ ਰੋਂਦੇ ਹੋਏ ਦੇਖਿਆ ਹੈ, ਕੀ ਤੁਸੀਂਉਨ੍ਹਾਂ ਦੀ ਮਦਦ ਕਰੋਗੇ? ਕਿਸੇ ਨੇ ਸਕੂਲ ਦੀ ਸ਼ਿਕਾਇਤ ਵੀ ਲਿਖੀ ਹੈ।

# ਚੀਨ-ਪਾਕਿਸਤਾਨ ਸੀ ਪੀ ਈ ਸੀ ਪ੍ਰਾਜੈਕਟ ਹਾਲ ਦੀ ਘੜੀ ਅੱਗੇ ਪਾ ਦਿੱਤਾ ਗਿਆ

ਬੀਜਿੰਗ, 18 ਨਵੰਬਰ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਕਾਰਨ ਬਣੇ ਹਾਲਤ ਨਾਲ ਚੀਨ ’ਚ ਚੱਲ ਰਹੀ ਸਿਆਸੀ ਉਥਲ-ਪੁਥਲ ਅਤੇ ਵਿਦੇਸ਼ੀ ਕਰਜ਼ਾ ਹੱਦ ਨਾਲ ਜੁੜੀਆਂ ਮੁਸ਼ਕਲਾਂ ਕਾਰਨ ਪਾਕਿਸਤਾਨ ’ਚ ਹੋ ਰਹੇ ਚੀਨੀ ਨਿਵੇਸ਼ ਉੱਤੇ ਬ੍ਰੇਕ ਲੱਗਦੀ ਜਾਪਦੀ ਹੈ। ਇਨ੍ਹਾਂ ਪ੍ਰੇਸ਼ਾਨੀਆਂ ਕਾਰਨ ਚੀਨ ਨੇ ਚਾਈਨਾ-ਪਾਕਿਸਤਾਨ ਇਕੋਨਾਮਿਕ ਕੋਰੀਡੋਰ (ਸੀ ਪੀ ਈ ਸੀ) ਦੇ ਤਹਿਤ ਚੱਲਦੇ 62 ਅਰਬ ਡਾਲਰ ਦੇ ਪ੍ਰਾਜੈਕਟਸ ਰੋਕ ਦਿੱਤੇ ਹਨ। ਇੱਕ ਰਿਪੋਰਟ ਮੁਤਾਬਕ ਪਾਕਿਸਤਾਨ ਵਿੱਚ ਘਰੇਲੂ ਸਿਆਸਤ ’ਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਇਸ ਗੱਲ ਲਈ ਆਲੋਚਨਾ ਹੋ ਰਹੀ ਹੈ ਕਿ ਓਹ ਫੌਜ ਦੇ ਦਬਾਅ ’ਚ ਕੰਮ ਕਰ ਰਹੇ ਹਨ ਅਤੇ ਦੇਸ਼ ਵਿੱਚ ਚੀਨ ਦੇ ਵੱਡੇ ਨਿਵੇਸ਼ ਨੂੰ ਅੱਗੇ ਵਧਾਉਣ ’ਚ ਕੋਈ ਸਾਰਥਕ ਪਹਿਲ ਨਹੀਂ ਕਰ ਰਹੇ। ਵਰਨਣ ਯੋਗ ਹੈ ਕਿ ਸਾਲ 2018 ਵਿੱਚ ਪਿਛਲੀ ਨਵਾਜ਼ ਸ਼ਰੀਫ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਸ਼ੱਕ ਵਿੱਚ ਸੀ ਪੀ ਈ ਸੀ ਨਾਲ ਜੁੜੇ ਹੋਏ ਕਈ ਪ੍ਰਾਜੈਕਟਸ ਨੂੰ ਰੋਕ ਦਿੱਤਾ ਸੀ। ਇਸ 2 ਸਾਲ ਦੌਰਾਨ ਉਨ੍ਹਾਂ ਦੇ ਕੈਬਨਿਟ ਦੇ ਸਾਰੇ ਮੈਂਬਰਾਂ ਉੱਤੇ ਦੇਸ਼ ਦੇ ਪਾਵਰ ਸੈਕਟਰ ’ਚ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਪਾਕਿਸਤਾਨ ਦੀਆਂ ਲੱਗਭਗ ਇੱਕ ਤਿਹਾਈ ਪਾਵਰ ਕੰਪਨੀਆਂ ਸੀ ਪੀ ਈ ਸੀ ਦੇ ਤਹਿਤ




ਕੰਮ ਕਰਦੀਆਂ ਹਨ, ਜਿਨ੍ਹਾਂ ’ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਰਿਪੋਰਟ ਦੇ ਮੁਤਾਬਕ ਪਾਕਿਸਤਾਨ ਨੇ ਸਕਿਓਰਟੀ ਐਂਡ ਐਕਸਚੈਂਜ ਕਮਿਸ਼ਨ ਆਫ ਪਾਕਿਸਤਾਨ (ਸੀ ਈ ਸੀ ਪੀ) ਵੱਲੋਂ ਤਿਆਰ ਕੀਤੀ 278 ਸਫਿਆਂ ਦੀ ਇਨਕੁਆਰੀ ਰਿਪੋਰਟ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ ਕਿ ਪਾਕਿਸਤਾਨ ਦੀਆਂ 16 ਪਾਵਰ ਕੰਪਨੀਆਂ ਨੇ ਉਨ੍ਹਾਂ ਨੂੰ ਮਿਲਣ ਵਾਲੀ ਸਬਸਿਡੀ ਵਿੱਚੋ 1.8 ਅਰਬ ਡਾਲਰ ਦਾ ਘਪਲਾ ਕੀਤਾ ਹੈ। ਇਨ੍ਹਾਂ ਵਿੱਚ ਉਹ ਕੰਪਨੀਆਂ ਸ਼ਾਮਲ ਹਨ, ਜੋ ਇਮਰਾਨ ਖਾਨ ਦੇ ਸਲਾਹਕਾਰਾਂ ਰੱਜਾਕ ਦਾਊਦ ਅਤੇ ਨਦੀਨ ਬਾਬਰ ਨਾਲ ਸਬੰਧਤ ਹਨ। ਸੀ ਈ ਸੀ ਪੀ ਚੀਨ ਦੀਆਂ ਪਾਵਰ ਕੰਪਨੀਆਂ ਵੱਲੋਂ ਕੀਤੀ ਗਈ ਕਮਾਈ ਦੀ ਵੀ ਜਾਂਚ ਕੀਤੀ ਗਈ ਹੈ, ਜਿਸ ਵਿੱਚ ਪਤਾ ਲੱਗਾ ਹੈ ਕਿ ਰਿਊਂਗ ਸ਼ਾਨਡੋਂਗ ਰੂਈ ਪਾਕਿਸਤਾਨ ਲਿਮਿਟਿਡ (ਐਚ ਐਸ ਆਰ) ਅਤੇ ਪੋਰਟ ਕਾਇਮ ਇਲੈਕਟ੍ਰਿਕ ਪਾਵਰ ਕੰਪਨੀ ਲਿਮਟਿਡ ਦੋਵਾਂ ਨੂੰ ਮਿਲਾਕੇ 483.6 ਅਰਬ ਰੁਪਏ (3 ਅਰਬ ਡਾਲਰ) ਦਾ ਓਵਰ ਪੇਮੈਂਟ ਕੀਤੀ ਗਈ ਹੈ।




# ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਗਵਾ ਕਰਨ ਦੀ ਯੋਜਨਾ ਵੀ ਬਣਾਈ ਗਈ ਸੀ

ਲੰਡਨ, 18 ਨਵੰਬਰ (ਪੋਸਟ ਬਿਊਰੋ)- ਸਾਲ 1982 ਦੇ ਅਖੀਰ ਵਿੱਚ ਪੰਜਾਬ ਦੇ ਖਰਾਬ ਹੋ ਰਹੇ ਹਾਲਾਤ ਨੂੰ ਕੰਟਰੋਲ ਕਰਨ ਲਈ ਭਾਰਤੀ ਖੁਫੀਆ ਏਜੰਸੀ ਰਾਅ ਦੇ ਸਾਬਕਾ ਮੁੱਖੀ ਰਾਮਨਾਥ ਕਾਓ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੈਲੀਕਾਪਟਰ ਆਪ੍ਰੇਸ਼ਨ ਰਾਹੀਂ ਪਹਿਲਾਂ ਚੌਕ ਮਹਿਤਾ ਗੁਰਦੁਆਰੇ ਅਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਤੋਂ ਅਗਵਾ ਕਰਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਸ ਬਾਰੇ ਰਾਮਨਾਥ ਕਾਓ ਨੇ ਬ੍ਰਿਟਿਸ਼ ਹਾਈਕਮਿਸ਼ਨ ਵਿੱਚ ਕੰਮ ਕਰ ਰਹੇ ਬ੍ਰਿਟਿਸ਼ ਖੁਫੀਆ ਏਜੰਸੀ ਐਮ ਆਈ-6 ਦੇ ਦੋ ਜਾਸੂਸਾਂ ਨਾਲ ਇਕੱਲਿਆਂ ਮੁਲਾਕਾਤ ਵੀ ਕੀਤੀ ਸੀ।

ਬੀ ਬੀ ਸੀ ਵੱਲੋਂ ਜਾਰੀ ਰਿਪੋਰਟ ਵਿੱਚ ਰਾਅ ਦੇ ਸਾਬਕਾ ਐਡੀਸ਼ਨਲ ਸੈਕਟਰੀ ਬੀ ਰਮਨ ਦੀ ਕਿਤਾਬ 'ਕਾਓ ਬਾਇਜ਼ ਰਾਅ' ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਦਸੰਬਰ 1983 ਵਿੱਚ ਬ੍ਰਿਟਿਸ਼ ਖੁਫੀਆ ਏਜੰਸੀ ਐਮ ਆਈ-6 ਦੇ ਦੋ ਜਸੂਸਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਮੁਆਇਨਾ ਕੀਤਾ ਸੀ, ਇਨ੍ਹਾਂ ਵਿੱਚੋਂ ਇੱਕ ਉਹ ਸਖ਼ਸ਼ ਵੀ ਸੀ, ਜਿਸ ਨੇ ਰਾਅ ਦੇ ਮੁਖੀ ਕਾਓ ਨਾਲ ਮੁਲਕਾਤ ਕੀਤੀ ਸੀ। ਬ੍ਰਿਟਿਸ਼ ਪੱਤਰਕਾਰ ਫਿਲ ਮਿਲਰ ਵੱਲੋਂ ਸ੍ਰੀਲੰਕਾ ਵਿੱਚ ਐਸ-ਏ-ਐਸ ਦੀ ਭੂਮਿਕਾ ਬਾਰੇ ਜਾਣਕਾਰੀ ਹਾਸਲ ਕਰ ਰਹੇ ਪੱਤਰਕਾਰ ਨੂੰ ਜਦੋਂ



ਸਿੱਖਾਂ ਨਾਲ ਸਬੰਧਿਤ ਦਸਤਾਵੇਜ਼ ਮਿਲੇ ਤਾਂ ਅਪਰੇਸ਼ਨ ਬਲਿਊ ਸਟਾਰ ਵਿੱਚ ਬ੍ਰਿਟੇਨ ਸਰਕਾਰ ਦੀ ਭੂਮਿਕਾ ਬਾਰੇ ਕਈ ਅਹਿਮ ਖੁਲਾਸੇ ਹੋਏ, ਜਿਸ ਵਿੱਚ ਮਿਲੇ ਪੱਤਰਾਂ ਤੋਂ ਪਤਾ ਲੱਗਾ ਕਿ ਭਾਰਤ ਦੇ ਕਮਾਂਡੋ ਆਪ੍ਰੇਸ਼ਨ ਦੀ ਯੋਜਨਾ ਵਿੱਚ ਬ੍ਰਿਟੇਨ ਦੀ ਮਦਦ ਲਈ ਗਈ ਸੀ।

ਪਤਾ ਲੱਗਦਾ ਹੈ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਐਮ ਆਈ-6 ਦੇ ਮੁਖੀ ਦੇ ਰਾਹੀਂ ਕਾਓਵੱਲੋਂ ਭੇਜੀ ਗਈ ਬੇਨਤੀ ਨੂੰ ਮੰਨ ਲਿਆ ਸੀ। ਇਸ ਭੂਮਿਕਾ ਬਾਰੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਵੱਲੋਂ ਦਿੱਤੇ ਜਾਂਚ ਆਦੇਸ਼ਾਂ ਤੋਂ ਬਾਅਦ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਮੰਨਿਆ ਸੀ ਕਿ ਇੱਕ ਐਸ ਏ ਅਧਿਕਾਰੀ ਨੇ 8 ਫਰਵਰੀ ਤੋਂ 14 ਫਰਵਰੀ 1984 ਦੌਰਾਨ ਭਾਰਤ ਦੀ ਯਾਤਰਾ ਕੀਤੀ ਅਤੇ ਬ੍ਰਿਟਿਸ਼ ਖੁਫੀਆ ਅਧਿਕਾਰੀ ਦੀ ਸਲਾਹ ਸੀ ਕਿ ਫੌਜੀ ਆਪ੍ਰੇਸ਼ਨ ਨੂੰ ਆਖਰੀ ਬਦਲ ਵਜੋਂ ਰੱਖਿਆ ਜਾਵੇ। ਹੈਲੀਕਾਪਟਰ ਰਾਹੀਂ ਸੁਰੱਖਿਆ ਦਸਤਿਆਂ ਨੂੰ ਕੰਪਲੈਕਸ ਵਿੱਚ ਭੇਜਿਆ ਜਾਵੇ ਤੇ ਘੱਟ ਤੋਂ ਘੱਟ ਨੁਕਸਾਨ ਹੋਵੇ। ਕਿਹਾ ਜਾਂਦਾ ਹੈ ਕਿ ਇੰਦਰਾ ਗਾਂਧੀ ਦੇ ਸੀਨੀਅਰ ਸਲਾਹਕਾਰ ਰਾਮਨਾਥ ਕਾਓ ਦੀ ਮੌਜੂਦਗੀ ਵਿੱਚ ਉਨ੍ਹਾਂ ਦੇ 1 ਅਕਬਰ ਰੋਡ ਨਿਵਾਸ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੈਲੀਕਾਪਟਰ ਰਾਹੀਂ ਅਗਵਾ ਕਰਕੇ ਬਾਹਰ ਲਿਜਾਣ ਦੀ ਯੋਜਨਾ ਨੂੰ ਇੰਦਰਾ ਗਾਂਧੀ ਨੇ ਰੱਦ ਕਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਬੀ ਐਸ ਸਿੱਧੂ ਦੀ ਕਿਤਾਬ 'ਦ ਖਾਲਿਸਤਾਨ ਕਾਂਸਪੀਰੇਸੀ' ਵਿੱਚ ਵੀ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਉਨ੍ਹਾਂ ਰਾਮ ਟੇਕਚੰਦ ਨਾਗਰਾਨੀ ਦੇ ਹਵਾਲੇ ਨਾਲ ਸੰਤ ਭਿੰਡਰਾਂਵਾਲੇ ਨੂੰ ਲੰਗਰ ਹਾਲ ਦੀ ਛੱਤ ਤੋਂ ਅਗਵਾ ਕਰਨ ਦੀ ਵਿਉਂਤ ਹੋਣ ਦੀ ਪੁਸ਼ਟੀ ਕੀਤੀ ਹੈ। ਇਸ ਯੋਜਨਾ ਨੂੰ ਰੱਦ ਕਰਨ ਤੋਂ ਤਿੰਨ ਮਹੀਨੇ ਬਾਅਦ ਅਪਰੇਸ਼ਨ ਬਲਿਊ ਸਟਾਰ ਹੋ ਗਿਆ ਸੀ। ਅਪਰੇਸ਼ਨ ਬਲਿਊ ਸਟਾਰ ਵਿੱਚ ਬ੍ਰਿਟੇਨ ਸਰਕਾਰ ਦੀ ਭੂਮਿਕਾ ਦੀ ਨਿਰਪੱਖ ਤੇ ਆਜ਼ਾਦ ਜਾਂਚ ਲਈ ਬ੍ਰਿਟੇਨ ਵਿੱਚ ਅੱਜ ਵੀ ਸਿੱਖ ਭਾਈਚਾਰਾ ਮੰਗ ਕਰ ਰਿਹਾ ਹੈ ਅਤੇ ਇਸ ਮੰਗ ਨੂੰ ਲੇਬਰ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵੀ ਸ਼ਾਮਲ ਕੀਤਾ ਹੋਇਆ ਸੀ।

# ਚੌਟਾਲਾ ਦੀ ਪ੍ਰਾਪਰਟੀ ਤੋਂ ਸੀਲ ਹਟਾਉਣ ਦਾ ਫੈਸਲਾ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 18 ਨਵੰਬਰ (ਪੋਸਟ ਬਿਊਰੋ)- ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਪਿੰਡ ਤੇਜਾ ਖੇੜਾ ਵਿਚਲੀ ਜੱਦੀ ਪ੍ਰਾਪਰਟੀ ਤੋਂ ਸੀਲ ਹਟਾਉਣ ਦਾ ਐਪੀਲੇਟ ਟ੍ਰਿਬਿਊਨਲ ਦਾ ਫੈਸਲਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ।

ਜਸਟਿਸ ਏ ਜੀ ਮਸੀਹ ਅਤੇ ਜਸਟਿਸ ਅਸ਼ੋਕ ਕੁਮਾਰ ਵਰਮਾ ਦੀ ਬੈਂਚ ਨੇ ਦੋਵਾਂ ਧਿਰਾਂ ਨੂੰ ਕਾਨੂੰਨ ਦੇ ਮੁਤਾਬਕ ਨਵੇਂ ਸਿਰੇ ਤੋਂ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਮੌਜੂਦਾ ਮਾਮਲੇ ਵਿੱਚ ਦੋਸ਼ ਤੈਅ ਨਹੀਂ ਹੋਏ, ਇਸ ਲਈ ਇਹ ਕਹਿਣਾ ਠੀਕ ਨਹੀਂ ਕਿ ਅਪੀਲੇਟ ਟ੍ਰਿਬਿਊਨਲ ਇਸ ਕੇਸ ਵਿੱਚ ਸੁਣਵਾਈ ਦਾ ਅਧਿਕਾਰ ਨਹੀਂ ਰੱਖਦਾ।

ਵਰਨਣ ਯੋਗ ਹੈ ਕਿ ਟ੍ਰਿਬਿਊਨਲ ਨੇ ਇਹ ਕਹਿ ਕੇ ਮੰਗ ਮਨਜ਼ੂਰ ਕਰ ਲਈ ਕਿ ਉਸ ਕੋਲ ਸੁਣਵਾਈ ਕਰਨ ਦਾ ਅਧਿਕਾਰ ਹੈ। ਹਾਈ ਕੋਰਟ ਨੇ ਕਿਹਾ ਕਿ ਇਸ ਲਈ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕਰਦੇ ਹੋਏ ਟ੍ਰਿਬਿਊਨਲ ਇਸ ਉੱਤੇ ਫੈਸਲਾ ਦੇਵੇ। ਓਮ ਪ੍ਰਕਾਸ਼ ਚੌਟਾਲਾ ਦੇ ਦੋ ਪੋਤਰਿਆਂ ਦੇ ਵਿਆਹ ਕਰਨ ਲਈ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ ਦੇ ਅਧੀਨ ਸੀਲ ਹੋਈ ਦਿੱਲੀ ਵਿਚਲੀ ਜੱਦੀ ਪ੍ਰਾਪਰਟੀ ਤੋਂ ਸੀਲ ਹਟਾਉਣ ਦੇ ਹੁਕਮ ਦਿੱਤੇ ਗਏ ਸਨ। ਚੌਟਾਲਾ ਦੇ ਪੁੱਤਰ ਅਭੈ ਚੌਟਾਲਾ ਨੇ ਅਪੀਲੇਟ ਟ੍ਰਿਬਿਊਨਲ ਵਿੱਚ ਅਰਜ਼ੀ ਦੇ ਕੇ ਕਿਹਾ ਸੀ ਕਿ 27 ਅਤੇ 30 ਨਵੰਬਰ ਨੂੰ ਉਨ੍ਹਾਂ ਦੇ ਦੋ ਪੁੱਤਰਾਂ ਦੇ ਵਿਆਹ ਲਈ ਤੇਜਾ ਖੇੜਾ ਵਾਲੀਉਨ੍ਹਾਂ ਦੀ ਜੱਦੀ ਪ੍ਰਾਪਰਟੀ ਤੋਂ ਸੀਲ ਹਟਾਉਣ ਦੇ ਹੁਕਮ ਦਿੱਤੇ ਜਾਣ।

# ਉੱਤਰ ਪ੍ਰਦੇਸ਼ ਵਿੱਚ ਜੇ ਈ ਵੱਲੋਂ ਬੱਚਿਆਂ ਦਾ ਦਹਾਕੇ ਭਰ ਤੋਂ ਯੌਨ ਸ਼ੋਸ਼ਣ



ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਸਿੰਚਾਈ ਵਿਭਾਗ ਦੇ ਇੱਕ ਜੂਨੀਅਰ ਇੰਜੀਨੀਅਰ ਨੂੰ ਸੀ ਬੀ ਆਈ ਨੇ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜੇ ਈ ਬੱਚਿਆਂ ਦਾ 10 ਸਾਲਾਂ ਤੋਂ ਯੌਨ ਸ਼ੋਸ਼ਣ ਕਰ ਰਿਹਾ ਸੀ। ਇਹੀ ਨਹੀਂ, ਇਹ ਦੋਸ਼ੀ ਇਸ ਘਿਨੌਣੇ ਕਾਰੇ ਦੀ ਵੀਡੀਓ ਬਣਾਉਂਦਾ ਅਤੇ ਉਹ ਇਨ੍ਹਾਂ ਤਸਵੀਰਾਂ ਅਤੇ ਵੀਡੀਓਜ਼ ਨੂੰ ਦੁਨੀਆ ਵਿੱਚ ਚੱਲ ਰਹੀਆਂ ਪੋਰਨ ਸਾਈਟਸ ਨੂੰ ਵੇਚ ਦਿੰਦਾ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਿਨੌਣੇ ਕਾਰੇ ਦੇ ਦੋਸ਼ੀ ਜੇ ਈ ਨੇ ਅੱਜ ਤੱਕ ਲਗਭਗ 50 ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਇਆ, ਜਿਨ੍ਹਾਂ ਦੀ ਉਮਰ ਪੰਜ ਤੋਂ 16 ਸਾਲ ਸੀ। ਪੀੜਤ ਬੱਚੇ ਬਾਂਦਾ, ਚਿਤਰਕੂਟ ਅਤੇ ਹਮੀਰਪੁਰ ਜ਼ਿਲਿਆਂ ਦੇ ਰਹਿਣ ਵਾਲੇ ਸਨ। ਇਸ ਦੋਸ਼ੀ ਨੂੰ ਬਾਂਦਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਜਾਂਚ ਏਜੰਸੀ ਸੀ ਬੀ ਆਈ ਨੂੰ ਤਲਾਸ਼ੀ ਦੌਰਾਨ ਅੱਠ ਮੋਬਾਈਲ ਫੋਨ, ਅੱਠ ਲੱਖ ਰੁਪਏ ਨਕਦ, ਸੈਕਸ ਟੁਆਇਜ਼, ਲੈਪਟਾਪ ਦੇ ਨਾਲ ਕਈ ਹੋਰ ਡਿਜੀਟਲ ਸਬੂਤ (ਵੱਡੀ ਗਿਣਤੀ ਵਿੱਚ ਬੱਚਿਆਂ ਦਾ ਯੌਨ ਸ਼ੋਸ਼ਣ ਕਰਨ ਦੀ ਸਮੱਗਰੀ) ਮਿਲੇ ਹਨ।ਦੋਸ਼ੀ ਨੇ ਦੱਸਿਆ ਕਿ ਉਹ ਮੁੱਖ ਰੂਪ ਵਿੱਚ ਬੱਚਿਆਂ ਦੇ ਯੌਨ ਸ਼ੋਸ਼ਣ ਵਾਲੀ ਸਮੱਗਰੀ ਪੂਰੀ ਦੁਨੀਆ ਵਿੱਚ ਚੱਲ ਰਹੀਆਂ ਪੋਰਨ ਸਾਈਟਾਂ ਨੂੰ ਵੇਚਦਾ ਸੀ। ਪੁੱਛਗਿੱਛ ਵਿੱਚ ਦੋਸ਼ੀ ਨੇ ਇਹ ਵੀ ਦੱਸਿਆ ਕਿ ਉਹ ਇਨ੍ਹਾਂ ਘਿਨੌਣੇ ਕਾਰਿਆਂ ਨੂੰ ਲੁਕਾਉਣ ਦੇ ਲਈ ਪੀੜਤ ਬੱਚਿਆਂ ਨੂੰ ਪੈਸਾ, ਇਲੈਕਟ੍ਰਾਨਿਕ ਜੰਤਰ ਸਮੇਤ ਕਈ ਹੋਰ ਚੀਜ਼ਾਂ ਵੀ ਦਿੰਦਾ ਸੀ।

# ਲਾਕਡਾਊਨ ਦੇ ਡਿਪ੍ਰੈਸ਼ਨ ਕਾਰਨ ਪਰਵਾਰ ਦੇ ਪੰਜ ਜੀਆਂ ਨੇ ਫਾਹਾ ਲੈ ਲਿਆ

ਰਾਏਪੁਰ, 18 ਨਵੰਬਰ (ਪੋਸਟ ਬਿਊਰੋ)- ਦੀਵਾਲੀ ਦੇ ਤੀਸਰੇ ਦਿਨ ਸੋਮਵਾਰ-ਮੰਗਲਵਾਰ ਦੀ ਰਾਤ ਨਵਾਂ ਰਾਏਪੁਰ ਦੇ ਕੇਂਦਰੀ ਇਲਾਕੇ ਵਿੱਚ ਕਮਲੇਸ਼ ਸਾਹੂ (35) ਨਾਂਅ ਦੇ ਇੱਕ ਵੈਲਡਰ ਨੇ 60 ਸਾਲਾ ਮਾਂ, ਤੀਹ ਸਾਲਾ ਪਤਨੀ, 10 ਸਾਲ ਦੀ ਬੇਟੀ ਅਤੇ ਅੱਠ ਸਾਲਾ ਬੇਟੇ ਨੂੰ ਇੱਕ-ਇੱਕ ਕਰ ਕੇ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਫਿਰ ਖੁਦ ਫਾਂਸੀ ਲਾ ਕੇ ਆਤਮ ਹੱਤਿਆ ਕਰ ਲਈ। ਜਿਸ ਕਮਰੇ ਵਿੱਚ ਉਸ ਦੀ ਪਤਨੀ ਅਤੇ ਬੇਟੇ ਦੀ ਲਾਸ਼ ਮਿਲੀ, ਉਸ ਨੇ ਫਾਂਸੀ ਵੀ ਇਸੇ ਕਮਰੇ ਵਿੱਚ ਲਾਈ ਸੀ। ਉਸ ਦੀ ਮਾਂ ਅਤੇ ਬੇਟੀ ਦੀ ਲਾਸ਼ ਦੂਸਰੇ ਕਮਰੇ ਵਿੱਚੋਂ ਮਿਲੀਆਂ।

ਇਸ ਘਟਨਾ ਵਾਲੀ ਜਗ੍ਹਾ ਦਾ ਮੁਆਇਨਾ ਕਰਨ ਪਿੱਛੋਂ ਪੁਲਸ ਅਤੇ ਫੋਰੈਂਸਿਕ ਮਾਹਰਾਂ ਦਾ ਕਹਿਣਾ ਹੈ ਕਿ ਗਲਾ ਘੁੱਟਦੇ ਸਮੇਂ ਕਿਸੇ ਤਰ੍ਹਾਂ ਦੇ ਵਿਰੋਧ ਦੇ ਨਿਸ਼ਾਨ ਨਹੀਂ ਮਿਲੇ, ਯਾਨੀ ਜਿਨ੍ਹਾਂ ਦਾ ਗਲਾ ਘੁੱਟਿਆ ਗਿਆ, ਸੁੱਤੇ-ਸੁੱਤੇ ਉਨ੍ਹਾਂ ਦੀ ਮੌਤ ਹੋ ਗਈ।ਸ਼ੁਰੂ ਦੀ ਜਾਂਚ ਵਿੱਚ ਲਾਕਡਾਊਨ ਕਾਰਨ ਵਿਗੜੀ



ਆਰਥਿਕ ਸਥਿਤੀ ਅਤੇ ਮਾਨਸਿਕ ਤਣਾਅ (ਡਿਪਰੈਸ਼ਨ) ਵਰਗੀਆਂ ਗੱਲਾਂ ਸਾਹਮਣੇ ਆਈਆਂ ਹਨ। ਪੁਲਸ ਨੂੰ ਕੋਈ ਸੁਸਾਈਡ ਨੋਟ ਨਹੀਂ ਮਿਲਿਆ।ਪੁਲਸ ਮੁਤਾਬਕ ਕਮਲੇਸ਼ ਨੂੰ ਪੱਥਰੀ ਦੀ ਬਿਮਾਰੀ ਸੀ ਤੇ ਉਹ ਇਲਾਜ ਕਰਵਾ ਰਿਹਾ ਸੀ। ਉਸ ਦੀ ਪਤਨੀ ਪ੍ਰੋਮਿਲਾ ਨੂੰ ਕਿਡਨੀ ਅਤੇ ਥਾਇਰਾਈਡ ਦੀ ਸਮੱਸਿਆ ਸੀ। ਮਾਂ ਵੀ ਬਿਮਾਰ ਰਹਿੰਦੀ ਸੀ। ਲਾਕਡਾਊਨ ਕਾਰਨ ਕੁਝ ਮਹੀਨੇ ਤੋਂ ਕਮਲੇਸ਼ ਦਾ ਕੰਮ ਬੰਦ ਸੀ। ਇਸ ਤੋਂ ਉਸ ਦੀ ਆਰਥਿਕ ਸਥਿਤੀ ਵਿਗੜ ਗਈ ਅਤੇ ਗੁਆਂਢੀਆਂ ਮੁਤਾਬਕ ਉਹ ਡਿਪਰੈਸ਼ਨ ਵਿੱਚ ਨਜ਼ਰ ਆ ਰਿਹਾ ਸੀ।

# ਭਾਰਤੀ ਵਿਦਿਆਰਥੀ ਨੇ ਘਬਰਾਹਟ ਦੂਰ ਕਰਨ ਦਾ ਚੈਂਬਰ ਬਣਾ ਲਿਆ

ਵਾਸ਼ਿੰਗਟਨ, 18 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਭਾਰਤੀ ਵਿਦਿਆਰਥੀ ਨੇ 'ਰੀਬੂਟ' ਨਾਂਅ ਦਾ ਇੱਕ ਅਜਿਹਾ ਚੈਂਬਰ ਬਣਾਇਆ ਹੈ, ਜੋ ਅਚਾਨਕ ਘਬਰਾਹਟ (ਪੈਨਿਕ) ਹੋਣ ਦੀ ਸਥਿਤੀ ਵਿੱਚ ਮਰੀਜ਼ ਨੂੰ ਤੁਰੰਤ ਰਾਹਤ ਦਿੰਦਾ ਹੈ। ਇਹ ਚੈਂਬਰ ਜਨਤਕ ਥਾਵਾਂ 'ਤੇ ਲਾਇਆ ਜਾ ਸਕਦਾ ਹੈ।



ਦਿੱਲੀ ਕਾਲਜ ਆਫ ਆਰਟਸ ਵਿੱਚ ਪੜ੍ਹ ਚੁੱਕੇ 32 ਸਾਲਾ ਕਾਰਤੀਕੇਯ ਮਿੱਤਲ ਅਮਰੀਕਾ ਦੇ ਪ੍ਰੈਟ ਇੰਸਟੀਚਿਊਟ ਨਿਊ ਯਾਰਕ ਵਿੱਚ ਇੰਡਸਟਰੀਅਲ ਡਿਜ਼ਾਈਨ ਵਿੱਚ ਮਾਸਟਰ ਡਿਗਰੀ ਲਈ ਖੋਜ ਕਰ ਰਹੇ ਹਨ। ਕਾਰਤੀਕੇਯ ਨੇ ਇਹ ਚੈਂਬਰ ਬਣਾਉਣ ਲਈ ਡਿਜ਼ਾਈਨ ਅਤੇ ਇੰਜੀਨੀਅਰਿੰਗ ਦੇ ਨਾਲ ਹੀ ਮਾਨਸਿਕ ਰੋਗੀਆਂ 'ਤੇ ਵੀ ਖੋਜ ਕੀਤੀ ਅਤੇ ਕਈ ਮਨੋਵਿਗਿਆਨ ਦੇ ਡਾਕਟਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦਾ ਬਣਾਇਆ ਇਹ ਚੈਂਬਰ ਅਜਿਹੇ ਮਰੀਜ਼ਾਂ ਲਈ ਬਹੁਤ ਲਾਭਦਾਇਕ ਹੋ ਸਕਦਾ ਹੈ, ਜੋ ਅਚਾਨਕ ਪੋਸਟ ਟ੍ਰਾਮੈਟਿਕ ਸਟਰੈਸ ਡਿਸਆਰਡਰ (ਪੀ ਟੀ ਐਸ ਡੀ) ਵਰਗੀ ਮਾਨਸਿਕ ਸਥਿਤੀ ਵਿੱਚ ਆ ਜਾਂਦੇ ਹਨ, ਯਾਨੀ ਕਿਸੇ ਵੀ ਮਾੜੀ ਘਟਨਾ ਪਿੱਛੋਂ ਅਚਾਨਕ ਘਬਰਾਹਟ ਦੀ ਸਥਿਤੀ ਵਿੱਚ ਪਹੁੰਚ ਜਾਂਦੇ ਹਨ। ਇਸ ਬਿਮਾਰੀ ਦੇ ਮਰੀਜ਼ ਆਮ ਤੌਰ 'ਤੇ ਹਰ ਦੇਸ਼ ਵਿੱਚ ਹਨ ਤੇ ਇਹ ਬਿਮਾਰੀ ਤੇਜ਼ੀ ਨਾਲ ਵਧ ਰਹੀ ਹੈ।'ਰੀਬੂਟ' ਨਾਂਅ ਦਾ ਇਹ ਚੈਂਬਰ ਯੂਨੀਵਰਸਿਟੀ ਕੰਪਲੈਕਸਾਂ, ਹਵਾਈ ਅੱਡੇ, ਹਸਪਤਾਲ ਅਤੇ ਹੋਰ ਭੀੜ ਵਾਲੇ ਥਾਵਾਂ 'ਤੇ ਲਾਭਕਾਰੀ ਸਾਬਤ ਹੋ ਸਕਦਾ ਹੈ। ਇਹ ਮਰੀਜ਼ ਨੂੰ ਤੁਰੰਤ ਰਾਹਤ ਦੇਣ ਲਈ ਇਕਾਂਤ ਦਾ ਮਾਹੌਲ ਦੇਂਦਾ ਹੈ, ਜਿਸ ਨਾਲ ਭਾਵਨਾਵਾਂ 'ਤੇ ਤੁਰੰਤ ਹੀ ਕਾਬੂ ਪਾਇਆ ਜਾ ਸਕੇ। ਇਸ ਨੂੰ ਸਹੂਲਤ ਅਨੁਸਾਰ ਸਾਈਜ਼ ਦਿੱਤਾ ਜਾ ਸਕਦਾ ਹੈ।

# ਕਾਰ ਵਿੱਚੋਂ 13 ਲੱਖ ਦੀ ਨਕਦੀ ਲੈ ਕੇ ਲੁਟੇਰੇ ਫਰਾਰ

ਜ਼ੀਰਕਪੁਰ, 18 ਨਵੰਬਰ (ਪੋਸਟ ਬਿਊਰੋ)- ਜ਼ੀਰਕਪੁਰ-ਪਟਿਆਲਾ ਰੋਡ ਉਤੇ ਕਾਰ 'ਚੋਂ 13 ਲੱਖ ਚੋਰੀ ਦਾ ਪਤਾ ਲੱਗਾ ਹੈ। ਪੁਲਸ ਨੇ ਅਣਪਛਾਤੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਨੂੰ ਸ਼ੁਰੂ ਕਰ ਦਿੱਤੀ ਹੈ।



ਥਾਣਾ ਮੁਖੀ ਰਾਜਪਾਲ ਸਿੰਘ ਗਿੱਲ ਦੇ ਮੁਤਾਬਕ ਮਨੋਜ ਅੱਲਵਾਦੀ ਵਾਸੀ ਦੇਵੀ ਭਵਨ ਬਾਜ਼ਾਰ ਜਗਾਧਾਰੀ, ਹਰਿਆਣਾ ਨੇ ਦੱਸਿਆ ਕਿ ਉਨ੍ਹਾਂ ਦੀ ਪਲਾਈਵੁੱਡ ਬਣਾਉਣ ਦੀ ਇੱਕ ਫੈਕਟਰੀ ਪਿੰਡ ਜੌੜੀਆਂ ਯਮਨਾ ਨਗਰ ਵਿਖੇ ਹੈ।

ਉਨ੍ਹਾਂ ਦੱਸਿਆ ਕਿ ਪਲਾਈ ਸਿਰਸਾ ਵਿਖੇ ਨਰੂਲਾ ਪਲਾਈਵੁੱਡ ਦੁਕਾਨ 'ਚ ਰੁਟੀਨ ਵਿੱਚ ਜਾਂਦੀ ਰਹਿੰਦੀ ਹੈ। ਉਨ੍ਹਾਂ ਵੱਲੋਂ ਨਰੂਲਾ ਪਾਲਾਈਵੁੱਡ ਨੂੰ ਦਿੱਤੀ ਪਲਾਈ ਦੀ ਸਪਲਾਈ ਦੀ 13 ਲੱਖ ਰੁਪਏ ਦੀ ਪੇਮੈਂਟ ਲੈਣੀ ਸੀ। ਇਸ ਲਈ ਨਰੂਲਾ ਨਾਲ ਫੋਨ 'ਤੇ ਗੱਲਬਾਤ ਹੋਈ, ਜਿਸ ਨੇ ਆਖਿਆ ਕਿ ਉਹ ਇੱਕ ਵਿਆਹ ਸਮਾਗਮ 'ਚ ਪੰਚਕੂਲਾ ਆਏ ਹਨ ਅਤੇ ਜ਼ੀਰਕਪੁਰ ਆ ਕੇ ਪੇਮੈਂਟ ਲੈ ਲਓ। ਇਸ ਤੋਂ ਬਾਅਦ ਉਹ ਕਾਰ ਵਿੱਚ ਜਗਾਧਰੀ ਤੋਂ ਜ਼ੀਰਕਪੁਰ ਪੇਮੈਂਟ ਲੈਣ ਲਈ ਸਵੇਰੇ ਕਰੀਬ 11 ਵਜੇ ਪੁੱਜੇ। ਕਰਨ ਨਰੂਲਾ ਵਾਸੀ ਸਿਰਸਾ ਨੇ ਪਟਿਆਲਾ ਜ਼ੀਰਕਪੁਰ ਰੋਡ 'ਤੇ ਜਾਇਕਾ ਰੈਸਟੋਰੈਂਟ ਦੇ ਸਾਹਮਣੇ ਸੱਦ ਕੇ 13 ਲੱਖ ਰੁਪਏ ਇੱਕ ਕਾਲੇ ਰੰਗ ਦੇ ਲਿਫ਼ਾਫ਼ੇ ਵਿੱਚ ਪਾ ਕੇ ਦਿੱਤੇ। ਉਹ ਨਕਦੀ ਲੈ ਕੇ ਉਥੋਂ ਚੱਲ ਪਿਆ। ਜ਼ੀਰਕਪੁਰ ਤੋਂ ਕਰੀਬ ਅੱਧਾ ਕਿਲੋਮੀਟਰ ਬਾਅਦ ਉਨ੍ਹਾਂ ਦੀ ਕਾਰ ਅੱਗੇ ਇੱਕ ਮੋਟਰ ਸਾਈਕਲ 'ਤੇ ਸਵਾਰ 2 ਨੌਜਵਾਨਾਂ ਨੇ ਉਨ੍ਹਾਂ ਨੂੰ ਓਵਰਟੇਕ ਕਰ ਕੇ ਕਾਰ ਨੂੰ ਚੈੱਕ ਕਰਨ ਲਈ ਰੋਕਿਆ। ਇਸ ਦੌਰਾਨ ਇੱਕ ਨੌਜਵਾਨ ਕਾਰ ਵਿੱਚੋਂ ਲਿਫ਼ਾਫ਼ਾ ਲੈ ਕੇ ਫਰਾਰ ਗਿਆ।









NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy

Residential
Commercial
Investment

Century 21
President Realty Inc
Brokerage*
Independently Owned and Operated.

Grewalhomes.com

Jagdish Grewal
Sales Representative

416 877-6464
or E-mail Jagdish@grewalhomes.com



